

SKY TRANSPORT SOLUTIONS

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 2
April 24, 2019

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.

ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


# ਉਮੀਦਵਾਰਾਂ ਦੇ ਐਲਾਨ ਤੋਂ ਬਾਅਦ ਪੰਜਾਬ ਵਿਚ ਤੇਜ ਹੋਈ ਸਿਆਸੀ ਹਲਚਲ

## ਅਕਾਲੀ ਦਲ ਨੇ ਮੈਦਾਨ ਵਿਚ ਉਤਾਰਿਆ ਬਾਦਲ ਪਰਿਵਾਰ

**ਚੰਡੀਗੜ੍ਹ (ਬਿਊਰੋ)–** ਸ਼੍ਰੋਮਣੀ ਅਕਾਲੀ ਦਲ ਨੇ ਫ਼ਿਰੋਜ਼ਪੁਰ ਸੰਸਦੀ ਹਲਕੇ ਤੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਬਠਿੰਡਾ ਹਲਕੇ ਤੋਂ ਹਰਸਿਮਰਤ ਕੌਰ ਬਾਦਲ ਨੂੰ ਉਮੀਦਵਾਰ ਐਲਾਨ ਦਿੱਤਾ ਹੈ। ਅਕਾਲੀ ਦਲ ਨੇ ਆਪਣੇ ਹਿੱਸੇ ਦੀਆਂ 10 ਸੀਟਾਂ ਤੋਂ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ।



ਪੰਜਾਬ ਵਿੱਚ ਸੰਸਦੀ ਚੋਣਾਂ ਦੇ ਮਹੌਲ ਦੌਰਾਨ ਚੋਣ ਮੁਕਾਬਲੇ ਬੜੇ ਰੌਚਕ ਬਣਦੇ ਜਾ ਰਹੇ ਹਨ। ਸੁਖਬੀਰ ਬਾਦਲ ਦਾ ਮੁਕਾਬਲਾ ਆਪਣੀ ਹੀ ਪਾਰਟੀ ਦੇ ਬਾਗ਼ੀ ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ ਨਾਲ ਹੋਵੇਗਾ ਜਦੋਂ ਕਿ ਬਠਿੰਡਾ ਸੰਸਦੀ ਹਲਕੇ ਤੋਂ ਕਾਂਗਰਸ ਨੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਮੈਦਾਨ 'ਚ ਉਤਾਰਿਆ ਹੈ। ਅਕਾਲੀ ਦਲ ਅਤੇ ਖ਼ਾਸ ਕਰ ਬਾਦਲ ਪਰਿਵਾਰ ਲਈ ਸੰਸਦੀ ਚੋਣਾਂ ਦੌਰਾਨ ਕਾਰਗੁਜ਼ਾਰੀ ਦਿਖਾਉਣਾ ਵੱਕਾਰ ਦਾ ਸਵਾਲ ਬਣ ਗਿਆ ਸੀ ਤੇ ਪਾਰਟੀ ਦੀ ਸ਼ਾਖ਼ ਬਚਾਉਣ ਦਾ ਸਵਾਲ ਵੀ ਖੜ੍ਹਾ ਹੋ ਗਿਆ। ਇਸੇ ਕਰਕੇ ਦੋਹਾਂ ਪਤੀ-ਪਤਨੀ (ਸੁਖਬੀਰ-ਹਰਸਿਮਰਤ) ਨੂੰ ਹੀ ਚੋਣ ਮੈਦਾਨ 'ਚ ਉਤਾਰਨ ਦਾ ਫੈਸਲਾ ਪਾਰਟੀ ਵੱਲੋਂ ਕੀਤਾ ਗਿਆ ਹੈ। ਭਾਰਤੀ ਜਨਤਾ ਪਾਰਟੀ ਵੱਲੋਂ ਹਾਲ ਦੀ ਘੜੀ ਗੁਰਦਾਸਪੁਰ ਅਤੇ ਹੁਸ਼ਿਆਰਪੁਰ ਹਲਕਿਆਂ ਤੋਂ ਉਮੀਦਵਾਰਾਂ ਦੇ ਨਾਮ ਐਲਾਨੇ ਨਹੀਂ ਗਏ ਤੇ ਭਾਜਪਾ ਵੱਲੋਂ ਵੀ ਅੱਜ ਜਾਂ ਭਲ਼ਕ ਤੱਕ ਉਮੀਦਵਾਰ ਐਲਾਨ ਦਿੱਤੇ ਜਾਣ ਦੀ ਸੰਭਾਵਨਾ ਹੈ।

## ਪਹਿਲੇ ਦਿਨ ਅੱਠ ਉਮੀਦਵਾਰਾਂ ਨੇ ਭਰੇ ਪਰਚੇ

**ਚੰਡੀਗੜ੍ਹ (ਬਿਊਰੋ)–** ਪੰਜਾਬ ਵਿੱਚ ਸੰਸਦੀ ਚੋਣਾਂ ਲਈ ਉਮੀਦਵਾਰਾਂ ਵੱਲੋਂ ਪਰਚੇ ਦਾਖਲ ਕਰਨ ਦਾ ਅਮਲ ਸ਼ੁਰੂ ਹੋ ਗਿਆ। ਚੋਣ ਕਮਿਸ਼ਨ ਵੱਲੋਂ ਨੋਟੀਫਿਕੇਸ਼ਨ ਜਾਰੀ ਕਰਨ ਤੋਂ ਬਾਅਦ ਪਹਿਲੇ ਦਿਨ 8 ਉਮੀਦਵਾਰਾਂ ਨੇ ਵੱਖ-ਵੱਖ ਸੰਸਦੀ ਹਲਕਿਆਂ ਤੋਂ ਪਰਚੇ ਭਰੇ। ਕਾਗਜ਼ ਦਾਖਲ ਕਰਨ ਦੇ ਨਾਲ ਹੀ ਸਿਆਸੀ ਰੌਣਕ ਵਧਣੀ ਸ਼ੁਰੂ ਹੋ ਗਈ ਹੈ। ਰਾਜ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਹਿਲੇ ਦਿਨ ਆਪਣੀ ਪਾਰਟੀ ਦੇ ਉਮੀਦਵਾਰ ਨਾਲ ਕਾਗਜ਼ ਦਾਖਲ ਕਰਨ ਸਮੇਂ ਹਾਜ਼ਰੀ ਲਵਾਈ।



ਜਲੰਧਰ (ਰਾਖਵੇਂ) ਹਲਕੇ ਤੋਂ ਕਾਂਗਰਸੀ ਉਮੀਦਵਾਰ ਚੌਧਰੀ ਸੰਤੋਖ ਸਿੰਘ ਨੇ ਕਾਗਜ਼ ਭਰੇ ਤੇ ਉਨ੍ਹਾਂ ਦੇ ਪੁੱਤਰ ਵਿਕਰਮਜੀਤ ਸਿੰਘ ਚੌਧਰੀ ਨੇ ਆਪਣੇ ਪਿਤਾ ਦੇ ਕਵਰਿੰਗ ਉਮੀਦਵਾਰ ਵਜੋਂ ਨਾਮਜ਼ਦਗੀ ਦਾਖਲ ਕੀਤੀ। ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਕਾਮਰੇਡ ਰਘੂਨਾਥ ਸਿੰਘ ਨੇ ਆਨੰਦਪੁਰ ਸਾਹਿਬ ਤੋਂ ਕਾਗਜ਼ ਦਾਖ਼ਲ ਕੀਤੇ। ਸ਼੍ਰੋਮਣੀ ਅਕਾਲੀ ਦਲ ਜਾਂ ਆਮ ਆਦਮੀ ਪਾਰਟੀ ਦੇ ਕਿਸੇ ਵੀ ਉਮੀਦਵਾਰ ਨੇ ਅਜੇ ਪਰਚੇ ਨਹੀਂ ਭਰੇ ਸਨ।



ਬਸਪਾ ਸਮਰਥਕ ਯੂਨਿਟ ਨਿਊਯਾਰਕ ਦੇ ਮੈਂਬਰ 'ਦੇਸ਼ ਦੁਆਬਾ' ਦੇ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਦਾ ਸਨਮਾਨ ਕਰਦੇ ਹੋਏ।
(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 11, 12, 13 'ਤੇ)




ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਰੋਜ਼ਵਿਲ (ਕੈਲੇਫੋਰਨੀਆ) ਵਿਖੇ ਗੁਰਮਤਿ ਸਮਾਗਮ ਅਤੇ ਨਵੀਂ ਇਮਾਰਤ ਦਾ ਨੀਂਹ ਪੱਥਰ 12 ਮਈ ਨੂੰ ਰੱਖਿਆ ਜਾਵੇਗਾ। (ਹੋਰ ਜਾਣਕਾਰੀ ਲਈ ਖਬਰ ਦੇਖੋ ਸਫਾ 9 'ਤੇ ਅਤੇ ਇਸ਼ਤਿਹਾਰ ਦੇਖੋ ਸਫਾ 2 'ਤੇ)


BAGGA JEWELERS

SINCE 1996

916-912-8842, 916-329-8772

jewelers.Bagga@gmail.com

ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



6930 65TH STREET # 115 SACRAMENTO CA 95823

Sandeep Jony Bagga





MANDEEP SANDHU

SANDHU IMMIGRATION CONSULTANT

ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ

Passports, Visas, Green Cards, Sponsorship, Immigration Forms , Citizenship, Spouse/Family Petitions, Study Visas

All Kinds of Immigration Forms/Petitions/Visa

ਵੀਜ਼ਾ

WE OPEN 7-DAYS A WEEK

Note: I am not an Immigration Attorney.

msandhu2014@gmail.com

(209-373-3562)

3222 PENELOPE DR. STOCKTON, CA- 95212
(NEAR HWY 99 ON MORADA LANE)





REAL ESTATE INVESTMENTS? BUY OR SELL PROPERTY? 1031 EXCHANGE? NEW HOMES?

ONE STOP SHOP FOR YOU

Few areas are growing rapidly, Tracy, Lathrop, Manteca, Mountain House,

We can help you get loan approval, purchase, mange your property and handle all repairs tracy, Lathrop, Manteca, Mountain house

Expert Realtor Parth Ghai 209-420-5653
Hindi, Punjabi and English, Call Anytime 209-420-5653
Valley Pacific Realty and Investments Stockton # 01722418





RAMESH SUMAN
Broker Realtor
RCS-D ™

MAJESTIC HOMES

Office (925) 779-1234
Direct (925) 366-3618
Fax (905) 219-3918
DRE Licence- 00871752

www.majestichomes.us ramesh@rameshsuman.com
P.O. Box 3434, Antioch, CA 94531-3434



SAROAY INVESTMENT REALTY

Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



Amrik Chand (CPA)

Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539

ੴ ਸਤਿਗੁਰ ਪ੍ਰਸਾਦਿ॥

# 11ਵਾਂ ਸਾਲਾਨਾ ਗੁਰਮਤਿ ਸਮਾਗਮ ਤੇ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ

ਮਿਤੀ 12 ਮਈ 2019, ਦਿਨ ਐਤਵਾਰ



## ਸਮਾਗਮ ਦਾ ਵੇਰਵਾ

**10 ਮਈ 2019,ਦਿਨ ਸ਼ੁੱਕਰਵਾਰ**

ਆਰੰਭ ਸ੍ਰੀ ਅਖੰਡ ਪਾਠ ਸਾਹਿਬ____________________ ਸਵੇਰੇ 10 ਵਜੇ

**10 ਅਤੇ 11 ਮਈ 2019 (ਸ਼ਾਮ ਦਾ ਪ੍ਰੋਗਰਾਮ)**

ਪਾਠ ਸੋਦਰੁ_____________________________6 ਵਜੇ ਤੋਂ 6:25 ਤੱਕ

ਕੀਰਤਨ ਭਾਈ ਅਨੂਪ ਸਿੰਘ ਜੀ ਊਨਾ ਸਾਹਿਬ________6:30 ਤੋਂ 7:15 ਤੱਕ

ਕਥਾ-ਭਾਈ ਪਿੰਦਰਪਾਲ ਸਿੰਘ ਜੀ__________________7:15 ਤੋਂ 8:30 ਤੱਕ

**12 ਮਈ 2019, ਦਿਨ ਐਤਵਾਰ**

ਭੋਗ ਸ੍ਰੀ ਅਖੰਡ ਪਾਠ ਸਾਹਿਬ________________________ਸਵੇਰੇ 10 ਵਜੇ

ਕੀਰਤਨ ਭਾਈ ਜਸਪਾਲ ਸਿੰਘ ਜੀ ਸਾਰੰਗ___________10 ਵਜੇ ਤੋਂ 10:15 ਤੱਕ

ਕੀਰਤਨ ਭਾਈ ਸੁਖਵਿੰਦਰ ਸਿੰਘ ਜੀ ______________10:15 ਤੋਂ 10:30 ਤੱਕ

ਕੀਰਤਨ ਭਾਈ ਜਗਜੀਤ ਸਿੰਘ ਜੀ ਯੋਗੀ____________10:30 ਤੋਂ 10:45 ਤੱਕ

ਕੀਰਤਨ ਭਾਈ ਅਨੂਪ ਸਿੰਘ ਜੀ ਊਨਾ ਸਾਹਿਬ ________10:45 ਤੋਂ 11:45 ਤੱਕ

ਕਥਾ:ਭਾਈ ਪਿੰਦਰਪਾਲ ਸਿੰਘ ਜੀ____________11:45 ਤੋਂ ਦੁਪਹਿਰ 1 ਵਜੇ ਤੱਕ

ਗੁਰਦੁਆਰਾ ਸਾਹਿਬ ਦੇ ਨਵੇਂ ਦਰਬਾਰ ਸਾਹਿਬ ਦਾ ਨੀਂਹ ਪੱਥਰ______1:15 ਵਜੇ

ਨੋਟ:-ਸਮਾਗਮ ਵਿੱਚ ਤਰ੍ਹਾਂ ਤਰਾਂ ਦੇ ਫੂਡ ਸਟਾਲਜ਼ ਅਤੇ ਖਰੀਦੋ ਫਰੋਖਤ ਦੀਆਂ ਵਸਤੂਆਂ ਦੇ ਸਟਾਲਾਂ ਦਾ ਖਾਸ ਪ੍ਰਬੰਧ ਹੋਵੇਗਾ।

ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰਮਤਿ ਸਮਾਗਮ ਵਿੱਚ ਹਾਜ਼ਰੀਆਂ ਭਰ ਕੇ ਅਤੇ ਦਸਵੰਧ ਦੇ ਕੇ ਗੁਰੂ ਘਰ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰੋ ਜੀ।

## ਪਹੁੰਚ ਰਹੀਆਂ ਸ਼ਖ਼ਸੀਅਤਾਂ



ਭਾਈ ਗੁਰਚਰਨ ਸਿੰਘ ਜੀ ਸੁਲਤਾਨਪੁਰੀ



ਭਾਈ ਪਿੰਦਰਪਾਲ ਸਿੰਘ ਜੀ



ਭਾਈ ਅਨੂਪ ਸਿੰਘ ਜੀ ਊਨਾ ਸਾਹਿਬ



ਭਾਈ ਜਗਜੀਤ ਸਿੰਘ ਯੋਗੀ



ਭਾਈ ਸੁਖਵਿੰਦਰ ਸਿੰਘ ਜੀ



ਭਾਈ ਜਸਪਾਲ ਸਿੰਘ ਜੀ ਸਾਰੰਗ

**ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਰੋਜ਼ਵਿਲ**

**1090 Main Street Roseville CA 95678 , 916-298-4913**

# ਡਾ. ਬੀ. ਆਰ. ਅੰਬੇਦਕਰ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ



























**ਯੂਬਾ ਸਿਟੀ–** ਮਹਾਂਰਿਸ਼ੀ ਵਾਲਮੀਕ ਸਭਾ ਦੇ ਸੱਦੇ ਤੇ ਸਮੂਹ ਸੰਗਤਾਂ ਵੱਲੋਂ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਬਹੁਤ ਹੀ ਸਤਿਕਾਰ ਸਹਿਤ ਡਾ. ਬੀ. ਆਰ. ਅੰਬੇਦਕਰ ਜੀ ਦਾ ਜਨਮ ਦਿਵਸ ਮਨਾਇਆ ਗਿਆ, ਜਿਸ ਵਿਚ ਯੂਬਾ ਸਿਟੀ ਤੋਂ ਇਲਾਵਾ ਸੈਕਰਾਮੈਂਟੋ, ਰੋਜ਼ਵਿਲ, ਵੁੱਡਲੈਂਡ, ਟਰੇਸੀ ਤੇ ਓਕਵਿਲ ਤੋਂ ਵੀ ਵੱਡੀ ਗਿਣਤੀ ਵਿਚ ਲੋਕਾਂ ਨੇ ਸ਼ਮੂਲੀਅਤ ਕੀਤੀ। ਸਭ ਤੋਂ ਪਹਿਲਾਂ ਵਾਲਮੀਕ ਰਮਾਇਣ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ ਤੇ ਅਰਦਾਸ ਤੇ ਆਰਤੀ ਕੀਤੀ ਗਈ। ਪ੍ਰੋਗਰਾਮ ਦੀ ਸ਼ੁਰੂਆਤ ਮਹਾਂਰਿਸ਼ੀ ਵਾਲਮੀਕ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਸੰਤੋਖ ਸਿੰਘ ਗਿੱਲ ਵੱਲੋਂ ਡਾ. ਬੀ. ਆਰ. ਅੰਬੇਦਕਰ ਜੀ ਦੇ ਮੁਢਲੇ (ਬਚਪਨ) ਜੀਵਨ, ਸਿੱਖਿਆ ਤੇ ਪ੍ਰਾਪਤੀਆਂ ਬਾਰੇ ਸੰਖੇਪ ਜਾਣਕਾਰੀ ਸਾਂਝੀ ਕਰਕੇ ਕੀਤੀ ਗਈ। ਪ੍ਰੋਗਰਾਮ ਵਿਚ ਹਰ ਸਾਲ ਦੀ ਤਰ੍ਹਾਂ 'ਦੇਸ਼ ਦੁਆਬਾ' ਹਫਤਾਵਾਰੀ ਅਖਬਾਰ ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਵੱਲੋਂ ਸ਼ਮੂਲੀਅਤ ਕੀਤੀ ਗਈ ਤੇ ਉਹਨਾਂ ਵੱਲੋਂ ਪੂਰਾ ਪ੍ਰੋਗਰਾਮ ਫੇਸਬੁੱਕ ਉਪਰ ਲਾਈਵ ਵੀ ਕੀਤਾ ਗਿਆ।

ਯੂਬਾ ਸਿਟੀ ਦੇ ਸਾਬਕਾ ਕੌਂਸਲਰ ਸ੍ਰੀ ਤੇਜ ਮਾਨ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ ਤੇ ਸੰਗਤਾਂ ਨਾਲ ਆਪਣੇ ਵਿਚਾਰ ਵੀ ਸਾਂਝੇ ਕੀਤੇ। ਮਹਾਂਰਿਸ਼ੀ ਵਾਲਮੀਕ ਸਭਾ ਦੇ ਜਨਰਲ ਸਕੱਤਰ ਸ੍ਰੀ ਜਸਪਾਲ ਮਾਲੜੀ ਵੱਲੋਂ ਡਾ. ਬੀ. ਆਰ. ਅੰਬੇਦਕਰ ਜੀ ਦੇ ਕਠਿਨਾਈਆਂ ਭਰੇ ਤੇ ਵਿਤਕਰੇ ਭਰੇ ਜੀਵਨ ਤੇ ਸਿੱਖਿਆ ਦੇ ਖੇਤਰ ਵਿਚ ਲੱਗਭੱਗ ਡੇਢ ਦਰਜਨ ਡਿਗਰੀਆਂ ਪ੍ਰਾਪਤ ਕਰਨ ਅਤੇ ਸਿਆਸਤ ਦੇ ਖੇਤਰ ਵਿਚ ਵਿਸ਼ੇਸ਼ ਸਥਾਨ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਸਾਂਝੀ ਕੀਤੀ ਗਈ। ਇਹਨਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਬੁਲਾਰਿਆਂ ਸ੍ਰੀ ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ ਦੇਸ਼ ਦੁਆਬਾ ਹਫਤਾਵਾਰੀ ਅਖਬਾਰ), ਮੋਹਣ ਲਾਲ ਗਿੱਲ, ਗੁਰਜੀਤ ਸਿੰਘ, ਵਿਨੋਦ ਗਿੱਲ, ਮਾ: ਬਲਵਿੰਦਰ ਸਿੰਘ, ਪ੍ਰਕਾਸ਼ ਸਿੰਘ ਗਿੱਲ, ਤੇਜਿੰਦਰ ਮਾਨ (ਸਾਬਕਾ ਸਿਟੀ ਕੌਂਸਲਰ) ਵੱਲੋਂ ਡਾ. ਬੀ. ਆਰ. ਅੰਬੇਦਕਰ ਜੀ ਦੇ ਜੀਵਨ, ਸਮੂਹ ਲੋਕਾਂ ਨੂੰ ਸੰਵਿਧਾਨ 'ਚ ਦਿੱਤੇ ਹੱਕਾਂ ਅਤੇ ਉਹਨਾਂ ਉਪਰ ਪਹਿਰਾ ਦੇਣ ਦੀ ਗੱਲ ਸਾਂਝੀ ਕੀਤੀ ਗਈ। ਸਾਰੇ ਬੁਲਾਰਿਆਂ ਨੇ ਡਾ. ਸਾਹਿਬ ਵੱਲੋਂ ਦਿੱਤੇ ਜਨਤਕ ਨਾਅਰੇ 'ਪੜ੍ਹੋ, ਸੰਘਰਸ਼ ਕਰੋ ਤੇ ਇਕੱਠੇ ਹੋਵੋ' 'ਤੇ ਜ਼ੋਰ ਦਿੱਤਾ ਗਿਆ। ਸਭਾ ਦੇ ਬੁਲਾਰੇ ਸੰਤੋਖ ਸਿੰਘ ਗਿੱਲ ਵੱਲੋਂ ਆਦਿ ਧਰਮ ਮੰਡਲ ਦੇ ਬਾਨੀ ਤੇ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਤੋਂ ਇਲਾਵਾ ਕਲਾਕਾਰਾਂ ਭੁਪਿੰਦਰ ਭਿੰਦਰ, ਅਸ਼ੋਕ ਕੁਮਾਰ, ਰੋਹਤਾਸ ਭਗਾਣੀਆਂ, ਅਸ਼ੋਕ ਕੁਮਾਰ, ਵਿਸ਼ਾਲ ਸ਼ਰਬਤੀ ਤੇ ਛੋਟੀ ਜਿਹੀ ਬੱਚੀ ਭਗਾਣੀਆਂ ਵੱਲੋਂ ਸ਼ਬਦ/ਗੀਤ ਗਾ ਕੇ ਸੰਗਤਾਂ ਨਾਲ ਸਾਂਝ ਪਾਈ ਗਈ। ਸਾਰਾ ਦਿਨ ਅਤੁੱਟ ਲੰਗਰ ਚਲਦੇ ਰਹੇ।

ਪ੍ਰੋਗਰਾਮ ਦੌਰਾਨ ਲੰਗਰਾਂ ਦੀ ਸੇਵਾ ਸ. ਮਨਜੀਤ ਸਿੰਘ ਤਾਜ ਰੈਸਟੋਰੈਂਟ ਯੂਬਾ ਸਿਟੀ ਵਾਲਿਆਂ ਵੱਲੋਂ ਕੀਤੀ ਗਈ। ਸਭਾ ਵੱਲੋਂ ਉਹਨਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ। ਪ੍ਰੋਗਰਾਮ ਦੇ ਅੰਤ ਵਿਚ ਮਹਾਂਰਿਸ਼ੀ ਵਾਲਮੀਕ ਸਭਾ ਦੇ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ ਵੱਲੋਂ ਆਈਆਂ ਸਮੂਹ ਸੰਗਤਾਂ ਦਾ ਧੰਨਵਾਦ ਕਰਦਿਆਂ ਮੰਦਰ ਦੀ ਡਿਵੈਲਪਮੈਂਟ ਦੇ ਚੱਲ ਰਹੇ ਕੰਮਾਂ 'ਚ ਵੱਧ ਤੋਂ ਵੱਧ ਆਰਥਿਕ ਸਹਿਯੋਗ ਦੇਣ ਦੀ ਸੰਗਤਾਂ ਨੂੰ ਬੇਨਤੀ ਕੀਤੀ ਗਈ।

# ਕਰੰਦਰਜ਼ ਦੇ ਵਿਸਾਖੀ ਮੇਲੇ ਤੇ ਚਮਕਿਆ ਪੰਜਾਬੀਅਤ ਦਾ ਅਨੋਖਾ ਰੰਗ, ਬੱਚਿਆ ਨੇ ਕੀਤਾ ਸੱਭਿਆਚਾਰ ਦਾ ਵਿਸਾਲ ਪ੍ਰਦਰਸ਼ਨ








**ਫਰਿਜ਼ਨੋ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਕੈਲੀਫੋਰਨੀਆਂ ਦੇ ਸੈਂਟਰਲ ਵੈਲੀ ਵਿਖੇ ਫਰਿਜ਼ਨੋ ਨਜ਼ਦੀਕੀ ਸ਼ਹਿਰ ਹਰਿਆਲੇ ਬਾਗਾਂ ਦੇ ਸ਼ਹਿਰ ਕਰੰਦਰਜ਼ ਦੇ ਗੁਰੂ ਘਰ ਦੀਆਂ ਖੁਲੀਆਂ ਗਰਾਊਡਾਂ ਵਿੱਚ ਬੱਚਿਆਂ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜਦੇ ਹੋਏ 26 ਵਾਂ ਵਿਸਾਖੀ ਮੇਲਾ ਬੜੇ ਜੋਸ਼ ਨਾਲ ਮਨਾਇਆਂ ਗਿਆ। ਸਭ ਤੋਂ ਪਹਿਲਾ ਗੁਰੂ ਘਰ ਵਿੱਚ ਧਾਰਮਿਕ ਪ੍ਰੋਗਰਾਮਾਂ ਦਾ ਆਗਾਜ਼ ਕੀਤਾ ਗਿਆ। ਖੇਡਾਂ ਨੂੰ ਮੁੱਖ ਰੱਖਦੇ ਹੋਏ ਮੇਲੇ ਦੌਰਾਨ ਬੱਚਿਆਂ ਤੋਂ ਬਜ਼ੁਰਗਾ ਤੱਕ ਉਮਰ ਦੇ ਦੌੜਾਂ ਦੇ ਮੁਕਾਬਲੇ ਹੋਏ। ਬੱਚਿਆਂ ਵੱਲੋਂ ਬਾਸਕਟ ਬਾਲ ਦੇ ਮੈਂਚ ਵੀ ਹੋਏ। ਜਿਸ ਉਪਰੰਤ ਲੱਗੇ ਮੇਲੇ ਵਿੱਚ ਬਹੁਤ ਸਾਰੇ ਵੱਖ ਵੱਖ ਖਾਣਿਆਂ ਅਤੇ ਖੇਡਾਂ ਦੇ ਲੱਗੇ ਸਟਾਲ, ਡਾਕਟਰੀ ਕੈਂਪ, ਰਾਈਡਾਂ ਆਦਿਕ ਬੱਚਿਆਂ ਦੇ ਮਨੋਰੰਜਨ ਕਰ ਰਹੇ ਸਨ। ਦਸਤਾਰ ਸਜਾਉਣ ਅਤੇ ਲੰਮੇ ਕੇਸ ਦੇ ਮੁਕਾਬਲੇ ਵੀ ਹੋਏ। ਇਸ ਤੋਂ ਇਲਾਵਾ ਸੋਹਣੀਆਂ ਦਸਤਾਰਾਂ ਅਤੇ ਚੁੰਨੀਆਂ ਨਾਲ ਰੰਗਦਾਰ ਪੁਸ਼ਾਕਾ ਵਿੱਚ ਏਧਰ ਉਧਰ ਜਾ ਰਹੇ ਲੋਕ ਪੰਜਾਬ ਅਤੇ ਪੰਜਾਬੀਅਤ ਦੀ ਤਰਜ਼ਮਾਨੀ ਕਰ ਰਹੇ ਸਨ। ਮੇਲੇ ਦੀ ਸੁਰੂਆਤ ਯਮਲਾ ਜੱਟ ਦੇ ਸ਼ਗਿਰਦ ਗਾਇਕ ਰਾਜ ਬਰਾੜ ਨੇ ਕੀਤੀ। ਉਪਰੰਤ ਕਵੀਸ਼ਰੀ ਜਥੇ ਨੇ ਵੀਰ ਰਸ਼ ਬੰਨ੍ਹਿਆਂ। ਕੁੜੀਆਂ ਵੱਲੋਂ ਗਿੱਧਾ ਅਤੇ ਹੋਰ ਜੀ.ਐਚ.ਜੀ. ਅਕੈਡਮੀ ਆਦਿਕ ਬਹੁਤ ਸਾਰੀਆਂ ਗਿੱਧੇ-ਭੰਗੜੇ ਦੀਆਂ ਬਹੁਤ ਸਾਰੀਆਂ ਟੀਮਾਂ ਨੇ ਸ਼ਿਰਕਤ ਕਰਕੇ ਪੰਜਾਬੀਅਤ ਦਾ ਰੰਗ ਬੰਨ੍ਹਿਆ। ਪ੍ਰਬੰਧਕਾ ਵੱਲੋਂ ਫਰੀ ਪਾਰਕਿੰਗ ਅਤੇ ਲੰਗਰਾਂ ਦੇ ਪ੍ਰਬੰਧ ਸਨ। ਇਸ ਸਮੇਂ ਕਬੱਡੀ ਦੇ ਮੈਚ, ਰੱਸਾਕਸੀ ਅਤੇ ਰੇਸ਼ਾ ਆਦਿਕ ਖੇਡਾਂ ਖਿੱਚ ਦਾ ਕਾਰਨ ਰਹੀਆਂ। ਇਸ ਤੋਂ ਇਲਾਵਾ ਸਾਹਿਤਕਤਾ ਵੱਲ ਵਧਦੇ ਹੋਏ ਸ਼ਿੰਦਰ ਸਿੰਘ ਮਾਹੀ ਦੀ ਪੁਸਤਕ 'ਆਓ ਪੰਜਾਬ ਬਚਾਈਏ', ਮਲਕੀਤ ਮੀਤ ਦੀ ਪੁਸਤਕ 'ਕੀ ਰੱਬ ਮਰ ਗਿਐਂ? ਅਤੇ ਆਸ਼ਾ ਸ਼ਰਮਾ ਦੁਆਰਾ ਸੰਪਾਦਿਤ ਮੈਗਜੀਨ 'ਸੂਰਜ' ਲੋਕ ਅਰਪਣ ਕੀਤੇ ਗਏ। ਜੀ. ਐਚ. ਜੀ. ਅਕੈਡਮੀ ਨੇ ਆਪਣੇ ਹੋਣ ਵਾਲੇ ਸਲਾਨਾ ਯੁਵਕ ਮੇਲੇ ਦਾ ਪੋਸਟਰ ਰਿਲੀਜ਼ ਕੀਤਾ। ਆਸੀਆਨਾ ਟਰੈਵਲ ਏਜੰਸੀ ਵੱਲੋਂ ਇੰਡੀਆ ਲਈ ਫਰੀ ਟਿਕਟਾਂ ਦੇ ਰੈਂਫਲ ਕੱਢੇ ਗਏ। ਜਦ ਕਿ ਜੀਤ ਗਿੱਲ ਮੋਗਾ ਵੀਡੀਉ ਨੇ ਆਪਣੇ ਬੂਥ ਰਾਹੀ ਫਰੀ ਫੋਟੋ ਸੇਵਾਵਾਂ ਦਿੱਤੀਆਂ। ਸਟੇਜ ਸੰਚਾਲਨ ਸ੍ਰੀਮਤੀ ਆਸ਼ਾ ਸ਼ਰਮਾ ਅਤੇ ਬਲਵੀਰ ਸਿੰਘ ਢਿੱਲੋਂ ਨੇ ਹਮੇਸ਼ਾ ਵਾਗ ਬਹੁਤ ਖੂਬਸੂਰਤ ਸ਼ਾਇਰਾਨਾ ਅੰਦਾਜ਼ ਵਿੱਚ ਬਾਖੂਬੀ ਕੀਤਾ। ਸਮੂਹ ਹਿੱਸਾ ਲੈਣ ਵਾਲੇ ਬੱਚਿਆ ਨੂੰ ਸਨਮਾਨਿਤ ਵੀ ਕੀਤਾ ਗਿਆ। ਸਾਰਾ ਦਿਨ ਚੱਲਿਆਂ ਇਹ ਵਿਸਾਖੀ ਮੇਲਾ ਅੰਤ ਆਪਣੀਆਂ ਅਮਿੱਟ ਯਾਦਾ ਛੱਡਦਾ ਹੋਇਆ ਸਮਾਪਤ ਹੋਇਆ।

# ਪੰਜਾਬੀ ਕਲਚਰਲ ਸੈਂਟਰ ਦੀ ਸੁਰੂਆਤ ਸਮੇਂ ਫਰਿਜ਼ਨੋ 'ਚ ਹੋਇਆ ਵਿਸ਼ੇਸ਼ ਪ੍ਰੋਗਰਾਮ

**ਫਰਿਜ਼ਨੋ, ਕੈਲੀਫੋਰਨੀਆ (ਕੁਲਵੰਤ ਧਾਲੀਆਂ /ਨੀਟਾ ਮਾਛੀਕੇ):** ਕੈਲੀਫੋਰਨੀਆਂ ਦੇ ਵਿੱਚ ਸੰਘਣੀ ਪੰਜਾਬੀ ਅਬਾਦੀ ਵਾਲੇ ਸ਼ਹਿਰ ਫਰਿਜ਼ਨੋ 'ਚ 'ਪੰਜਾਬੀ ਕਲਚਰਲ ਸੈਂਟਰ' ਦੀ ਸੁਰੂਆਤ ਕੀਤੀ ਗਈ। ਸਮੁੱਚੇ ਪੰਜਾਬੀ ਭਾਈਚਾਰੇ ਲਈ ਸੱਭਿਆਚਾਰਕ ਅਤੇ ਧਾਰਮਿਕ ਸੇਵਾਵਾਂ ਦੇਣ ਵਾਲਾ ਇਹ ਨਾਰਥ ਅਮਰੀਕਾ ਦਾ ਪਹਿਲਾ ਸੈਂਟਰ ਹੋਵੇਗਾ। ਕੁੱਝ ਸਮਾਂ ਪਹਿਲਾ ਸ. ਹਰਜੋਤ ਸਿੰਘ ਖਾਲਸਾ ਅਤੇ ਬਲਵਿੰਦਰ ਕੌਰ ਖਾਲਸਾ ਦੇ ਯਤਨਾਂ ਸਦਕਾ ਇੱਥੇ 'ਪੰਜਾਬੀ ਰੇਡੀਓ ਯੂ.ਐਸ਼.ਏ. ਦੁਆਰਾ ਸੇਵਾਵਾਂ ਸ਼ੁਰੂ ਕਰ ਦਿੱਤੀਆਂ ਗਈਆਂ ਸਨ। ਇਸ ਤੋਂ ਇਲਾਵਾ ਇੱਥੋਂ ਦੇ ਖੁੱਲੇ ਪਾਰਕ ਭਾਈਚਾਰੇ ਦੇ ਸਮਾਗਮਾਂ ਲਈ ਵਰਤੇ ਜਾ ਸਕਣਗੇ। ਇਸ ਸਮੇਂ ਰਸਮੀ ਸੁਰੂਆਤ ਕਰਦੇ ਹੋਏ ਵਿਸ਼ੇਸ਼ ਸਮਾਗਮ ਕੀਤੇ ਗਏ। ਜਿਸ ਦੀ ਸੁਰੂਆਤ ਮਿੱਠੇ ਬੋਲਾ ਰਾਹੀ ਰਾਣੀ ਕਾਹਲੋਂ ਨੇ ਗੀਤ ਗਾਉਣ ਨਾਲ ਕੀਤੀ। ਇਸ ਉਪਰੰਤ ਬੁਲੰਦ ਅਵਾਜ਼ ਦੀ ਮਲਕਾ ਗਾਇਕਾ ਜੋਤ ਰਣਜੀਤ ਨੇ ਮਿਆਰੀ ਗਾਇਕੀ ਰਾਹੀ ਸਭ ਦਾ ਮਨੋਰੰਜਨ ਕੀਤਾ। ਇਸੇ ਦੌਰਾਨ ਰੇਡੀਓ ਹੋਸ਼ਟ ਰਾਜਕਰਨਵੀਰ ਸਿੰਘ ਨੇ ਸਟੇਜ ਤੋਂ ਵੱਖ-ਵੱਖ ਬੁਲਾਰਿਆਂ ਨੂੰ ਪੇਸ਼ ਕੀਤਾ। ਜਿੰਨ੍ਹਾਂ ਵਿੱਚ ਦਲਜੀਤ ਸਿੰਘ ਸਰ੍ਹਾਂ, ਹਰਜੋਤ ਸਿੰਘ ਖਾਲਸਾ, ਨੈਨਦੀਪ ਚੰਨ, ਹਰਜਿੰਦਰ ਕੰਗ, ਡਾ. ਗੁਰੂਮੇਲ ਸਿੱਧੂ, ਜਗਤਾਰ ਸਿੰਘ ਗਿੱਲ, ਸਤਿਨਾਮ ਸਿੰਘ ਅਤੇ ਹੋਰ ਬਹੁਤ ਸਾਰੇ ਬੁਲਾਰਿਆਂ ਨੇ ਵਿਚਾਰਾ ਦੀ ਸਾਂਝ ਪਾਈ। ਦਿਲਪ੍ਰੀਤ ਕੌਰ ਦੁਆਰਾ ਡਾਂਸ ਅਤੇ ਜੀ.ਐਚ.ਜੀ. ਅਕੈਡਮੀ ਦੇ ਬੱਚਿਆ ਨੇ ਭੰਗੜੇ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਯਮਲੇ ਜੱਟ ਦੇ ਸ਼ਾਗਿਰਦ ਰਾਜ ਬਰਾੜ ਅਤੇ ਕਮਲਜੀਤ ਬੈਨੀਪਾਲ ਨੇ ਵੀ ਗੀਤਾਂ ਰਾਹੀ ਹਾਜ਼ਰੀ ਭਰੀ।



ਇਸ ਸਮੇਂ ਫਰਿਜ਼ਨੋ ਸ਼ਹਿਰ ਦੇ ਸਿਟੀ ਅਧਿਕਾਰੀਆਂ ਨੇ ਵੀ ਸ਼ਿਰਕਤ ਕੀਤੀ। ਪ੍ਰਬੰਧਕਾਂ ਵੱਲੋਂ ਪਤਵੰਤੇ ਸੱਜਣਾਂ ਨੂੰ ਸਨਮਾਨਿਤ ਕੀਤਾ ਗਿਆ। ਅੰਤ ਆਪਸੀ ਵਿਚਾਰਾ ਦੀ ਸਾਂਝ, ਮਨੋਰੰਜਨ ਅਤੇ ਸੁਆਦਿਸਟ ਖਾਣੇ ਨਾਲ ਇਹ ਸਮਾਗਮ ਯਾਦਗਾਰੀ ਹੋ ਨਿੱਬੜਿਆ।

# ਸਾਬਕਾ ਐੱਸ.ਜੀ.ਪੀ.ਸੀ ਮੈਂਬਰ ਜਥੇਦਾਰ ਸਰੂਪ ਸਿੰਘ ਢੇਸੀ ਦਾ ਕੈਲੀਫੋਰਨੀਆਂ 'ਚ ਨਿੱਘਾ ਸਵਾਗਤ

**ਯੂਨੀਅਨ ਸਿਟੀ/ਬੇਕਜ਼ਫੀਲਡ (ਬਿਓਰੋ)-** ਲੰਬਾ ਸਮਾਂ ਸਿੱਖ ਸਿਆਸਤ 'ਚ ਸਰਗਰਮ ਰਹੇ ਅਤੇ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਕਰੀਬੀ ਸਾਥੀਆਂ 'ਚੋਂ ਮੰਨੇ ਜਾਂਦੇ ਜਥੇਦਾਰ ਸਰੂਪ ਸਿੰਘ ਢੇਸੀ ਦਾ ਕੈਲੀਫੋਰਨੀਆਂ 'ਚ ਵੱਖ ਵੱਖ ਥਾਵਾਂ 'ਤੇ ਖੇਡ 'ਤੇ ਸਮਾਜਿਕ ਸੰਸਥਾਵਾਂ ਵਲੋਂ ਨਿੱਘਾ ਸਵਾਗਤ ਤੇ ਮਾਣ ਸਨਮਾਨ ਕੀਤਾ ਗਿਆ। ਯਾਦ ਰਹੇ ਜਥੇਦਾਰ ਸਰੂਪ ਸਿੰਘ ਢੇਸੀ ਲਗਭਗ 25 ਸਾਲ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹੇ। ਆਪਣੇ ਪਿੰਡ ਸੰਗ ਢੇਸੀਆਂ (ਜਲੰਧਰ) ਦੇ ਲੰਬਾ ਸਮਾਂ ਸਰਪੰਚ ਅਤੇ ਟਰਾਂਸਪੋਰਟ ਕਿੱਤੇ ਨਾਲ ਜੁੜੇ ਹੋਏ ਕਾਰਨ ਗੁਰਾਇਆ ਟਰੱਕ ਯੂਨੀਅਨ ਦੇ ਪ੍ਰਧਾਨ ਵੀ ਰਹੇ। ਇੱਥੇ ਯੂਨੀਅਨ ਸਿਟੀ ਪਹੁੰਚਣ ਤੇ ਬੇਏਰੀਆ ਸਪੋਰਟਸ ਕਲੱਬ ਵਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕਰਦਿਆਂ ਕਲੱਬ ਦੇ ਮੁੱਖ ਸੰਚਾਲਕ ਬਲਜੀਤ ਸਿੰਘ ਸੰਧੂ ਨੇ ਕਿਹਾ ਕਿ ਜਥੇਦਾਰ ਢੇਸੀ ਧਾਰਮਿਕ, ਸਮਾਜਿਕ ਅਤੇ ਖੇਡਾਂ ਦੇ ਖੇਤਰ ਵਿਚ ਪੂਰੇ ਸਰਗਰਮ ਰਹੇ ਹਨ ਅਤੇ ਰੁੜਕਾਂ ਕਲਾਂ ਦੇ ਕਬੱਡੀ ਕੱਪ 'ਚ ਵਿਚ ਹਮੇਸ਼ਾ ਸਰਗਰਮ ਸਹਿਯੋਗੀ ਰਹੇ ਹਨ। ਇਸ ਮੌਕੇ'ਤੇ ਸ੍ਰ. ਚਰਨਜੀਤ ਸਿੰਘ ਸੰਧੂ, ਸੁਖਜੀਤ ਸਿੰਘ ਸੰਧੂ, ਮੱਖਣ ਸਿੰਘ ਬੈਂਸ, ਕੁਲਵਿੰਦਰ ਸਿੰਘ ਪਿਟਸਬਰਗ, ਜਸਵਿੰਦਰ ਸਿੰਘ ਢੇਸੀ, ਐੱਸ.ਅਸ਼ੋਕ ਭੌਰਾ ਵੀ ਹਾਜ਼ਰ ਸਨ। ਜਥੇਦਾਰ ਢੇਸੀ ਦੇ ਮਾਣ ਸਨਮਾਨ ਵਿਚ ਰਾਤਰੀ ਭੋਜ ਬੇਏਰੀਆ ਸਪੋਰਟਸ ਕਲੱਬ ਵਲੋਂ ਦਿੱਤਾ ਗਿਆ।

ਇਵੇਂ ਹੀ ਬੇਕਰਸਫੀ.ਲਡ ਵਿਖੇ ਪਿੰਡ ਸੰਗ ਢੇਸੀਆਂ ਦੇ ਵਾਸੀਆਂ ਵਲੋਂ ਸਾਂਝੇ ਰੂਪ ਵਿਚ ਆਪਣੇ ਪੁਰਾਣੇ ਸਰਪੰਚ ਜਥੇਦਾਰ ਸਰੂਪ ਸਿੰਘ ਢੇਸੀ ਦੇ ਸਨਮਾਨ ਵਿਚ ਇਕ ਪ੍ਰਭਾਵਸ਼ਾਲੀ ਸਮਾਗਮ ਦਾ ਅਯੋਜਨ ਕੀਤਾ ਗਿਆ।






ਜਥੇਦਾਰ ਢੇਸੀ ਦਾ ਸਨਮਾਨ ਕਰਨ ਵਾਲਿਆਂ ਮਲਕੀਤ ਸਿੰਘ ਢੇਸੀ, ਜਸਵਿੰਦਰ ਸਿੰਘ ਢੇਸੀ, ਹਰਦੀਪ ਸਿੰਘ ਢੇਸੀ, ਸੱਬਾ ਢੇਸੀ, ਸਾਥੀ ਸੰਘੇੜਾ, ਸੁੱਖਾ ਛੋਕਰ ਅਤੇ ਗੁਰਪ੍ਰੀਤ ਗਰੇਵਾਲ ਦੇ ਨਾਮ ਵਿਸ਼ੇਸ਼ ਸਨ। ਜਿਸ ਵਿਚ ਵੱਖ ਵੱਖ ਸਖਸ਼ੀਅਤਾਂ ਨੇ ਜਥੇਦਾਰ ਢੇਸੀ ਦੀ ਪੰਥ ਅਤੇ ਸਿੱਖ ਕੌਮ ਨੂੰ ਪ੍ਰਦਾਨ ਸੇਵਾਵਾਂ ਦੀ ਪ੍ਰੰਸ਼ਸ਼ਾ ਕੀਤੀ ਤੇ ਉਹਨਾਂ ਨੂੰ ਸਨਮਾਨ ਵਿਚ ਦੁਸ਼ਾਲਾ ਭੇਂਟ ਕੀਤਾ। ਇਸ ਮੌਕੇ 'ਤੇ ਜਥੇਦਾਰ ਢੇਸੀ ਨੇ ਬੋਲਦਿਆਂ ਕਿਹਾ ਕਿ ਉਹ ਮੌਜੂਦਾ ਸਿੱਖ ਸਿਆਸਤ ਅਤੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਕਿਨਾਰਾ ਇਕ ਤਰ੍ਹਾਂ ਨਾਲ ਇਸ ਕਰਕੇ ਕਰ ਗਏ ਹਨ ਕਿ ਇਮਾਨਦਾਰ ਅਤੇ ਅਸੂਲੀ ਬੰਦਿਆਂ ਦੀ ਹੁਣ ਪੁੱਛ ਪ੍ਰਤੀਤ ਨਹੀਂ ਰਹੀ।

ਉਨ੍ਹਾਂ ਸਮੂਹ ਕੈਲੀਫੋਰਨੀਆਂ ਨਿਵਾਸੀਆਂ ਦਾ ਮਾਣ ਸਨਮਾਨ ਦੇਣ ਲਈ ਧੰਨਵਾਦ ਵੀ ਕੀਤਾ। ਇਸ ਫੇਰੀ ਦੌਰਾਨ ਉਹਨਾਂ ਆਪਣੇ ਪੱਤਰਕਾਰ ਦੋਸਤ ਐੱਸ.ਅਸ਼ੋਕ ਭੌਰਾ ਨਾਲ ਵੀ ਇਕ ਵਿਸ਼ੇਸ਼ ਮਿਲਣੀ ਕੀਤੀ।

# ਸ਼੍ਰੀਲੰਕਾ ਧਮਾਕੇ: ਏਅਰਪੋਰਟ ਤੇ ਬਸ ਅੱਡੇ ਤੋਂ ਮਿਲੇ 87 ਜਿੰਦਾ ਬੰਬ, 24 ਗ੍ਰਿਫਤਾਰ









**ਕੋਲੰਬੋ: (ਪਾਸਟਰ ਬਸ਼ਾਰਤ ਮਸੀਹ)-** ਧਮਾਕੇ ਵਾਲੇ ਦਿਨ, ਐਤਵਾਰ ਸ਼ਾਮ ਵੇਲੇ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਨੇੜੇਓਂ ਜਿੰਦਾ ਬੰਬ ਮਿਲਣ ਦੀ ਸੂਚਨਾ ਮਿਲੀ ਹੈ ਅਤੇ ਸੋਮਵਾਰ ਸਵੇਰੇ ਸਥਾਨਕ ਬਸ ਅੱਡੇ ਤੋਂ ਲਗਭਗ 87 ਘਟ ਘਣਤਾ ਵਾਲੇ ਵਿਸਫੋਟਕ ਬੰਬ ਮਿਲਣ ਦੀਆਂ ਸੂਚਨਾਵਾਂ ਆਈਆਂ ਹਨ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ, ਹਮਲਾਵਰਾਂ ਦੇ ਇਰਾਦੇ ਕਿੰਨੇ ਖਤਰਨਾਕ ਸੀ ਅਤੇ ਸ਼੍ਰੀਲੰਕਾ ਵਿੱਚ ਕਿਸ ਹੱਦ ਤਕ ਤਬਾਹੀ ਮਚਾਉਣਾ ਚਾਹੁੰਦੇ ਸਨ।

ਸ਼੍ਰੀਲੰਕਨ ਏਅਰਫੋਰਸ ਨੇ ਇਹਨਾਂ ਨੂੰ ਡੀਫਿਊਜ਼ ਕਰ ਦਿੱਤਾ ਹੈ। ਦੱਸਿਆ ਜਾਂਦਾ ਹੈ ਬਸ ਅੱਡੇ ਦੇ ਕੋਲੋਂ ਇੱਕ ਬੰਬ ਨੂੰ ਡਿਫ਼ੀਉਜ਼ ਕਰਨ ਵੇਲੇ ਅਚਾਨਕ ਧਮਾਕਾ ਹੋ ਗਿਆ, ਪਰ ਇਸ ਧਮਾਕੇ ਵਿੱਚ ਕੋਈ ਜਖਮੀ ਨਹੀ ਹੋਇਆ ਹੈ। ਇਹ ਸੂਚਨਾ ਸ਼੍ਰੀਲੰਕਾ ਦੇ ਇੱਕ ਪੁਲਿਸ ਅਧਿਕਾਰੀ ਨੇ ਦਿੱਤੀ ਹੈ। ਐਤਵਾਰ ਨੂੰ ਹੋਏ ਸਿਲਸਿਲੇ ਵਾਰ 8 ਧਮਾਕੇਇਆਂ ਵਿੱਚ 24 ਲੋਕਾਂ ਨੂੰ ਹਿਰਾਸਤ ਵਿੱਚ ਲਿਆ ਹੈ।

ਹਿਰਾਸਤ ਵਿੱਚ ਲਏ ਵਿਅਕਤੀਆਂ ਤੋਂ ਇੱਕ ਨੇ ਸੈਂਟ ਐਨਟੋਨੀ ਗਿਰਜਾ ਘਰ ਦੀ ਪਾਰਕਿੰਗ ਵਿੱਚ ਵੈਨ ਅੰਦਰ ਵਿਸਫੋਟਕ ਹੋਣ ਦੀ ਜਾਣਕਾਰੀ ਦਿੱਤੀ, ਜਿਸ ਨੂੰ ਮੌਕੇ ਰਹਿੰਦੇ ਡਿਫ਼ੀਉਜ਼ ਕਰ ਦਿੱਤਾ ਗਿਆ। ਪਰ ਹਾਲੇ ਤਕ ਇਹਨਾਂ ਨਾਲ ਜੁੜੀ ਕੋਈ ਜਾਣਕਾਰੀ ਸਰਵਜਨਕ ਨਹੀ ਕੀਤੀ ਹੈ। ਇਹ ਗਿਰਫ਼ਤਾਰੀਆਂ ਕੋਲੰਬੋ ਅਤੇ ਇਸ ਦੇ ਆਸ ਪਾਸ ਤੋ ਕੀਤੀਆਂ ਹਨ। ਸੋਮਵਾਰ ਸ਼ਾਮ ਨੂੰ ਫਿਰ ਕਰਫਿਊ ਲਾਗੂ ਕਰ ਦਿੱਤਾ ਗਿਆ ਹੈ।

ਜਿਕਰਯੋਗ ਹੈ ਕਿ ਐਤਵਾਰ ਸਵੇਰੇ ਈਸ੍ਟਰ ਦੇ ਪਵਿੱਤਰ ਮੌਕੇ ਤੇ 3 ਗਿਰਜਾਘਰਾਂ ਅਤੇ 4 ਹੋਟਲਾਂ ਵਿੱਚ ਕੁਲ 8 ਧਮਾਕੇ ਹੋਏ। ਇਸ ਵਿੱਚ 35 ਵਿਦੇਸ਼ੀ ਅਤੇ 3 ਭਾਰਤੀਆਂ ਸਮੇਤ 215 ਲੋਕਾਂ ਦੀ ਮੌਤ ਹੋ ਗਈ ਅਤੇ 500 ਤੋਂ ਵਧ ਲੋਕੀ ਜਖਮੀ ਹੋ ਗਏ। ਮਰਨ ਵਾਲੀਆਂ ਵਿੱਚ 3 ਪੁਲਿਸ ਵਾਲੇ ਵੀ ਸ਼ਾਮਿਲ ਹਨ। ਸ਼ੁਰੁਆਤੀ 6 ਧਮਾਕੇ ਸਵੇਰੇ 8: 45 ਵਜੇ ਹੋਏ ਜਦੋਂ ਕੋਲ ਈਸ੍ਟਰ ਦੀ ਪ੍ਰਾਥਨਾ ਲਈ ਗਿਰਜਾਘਰਾਂ ਵਿੱਚ ਇਕੱਠੇ ਹੋ ਰਹੇ ਸੀ। ਬਾਕੀ ਦੇ ਦੋ ਧਮਾਕੇ 2:30 ਅਤੇ 3:30 ਵਜੇ ਹੋਏ। ਪਹਿਲੇ ਧਮਾਕੇ ਸੈਂਟ ਐਨਟੋਨੀ ਗਿਰਜਾ ਘਰ ਕੋਚਿਕਾੜੇ, ਸੈਂਟ ਸੇਬਾਸਟਿੰਨ ਗਿਰਜਾ ਘਰ ਨੇਗੋਂਬੋ ਅਤੇ ਬਟ੍ਟੀਕਲੋਆ ਸ੍ਤਿਥ ਗਿਰਜਾ ਘਰ ਵਿੱਚ ਹੋਏ। ਇਸਦੇ ਇਲਾਵਾ ਸ਼ੰਗ੍ਰਿਲਾ ਹੋਟਲ, ਕਿੰਗਜ਼ਬਰੀ ਹੋਟਲ, ਸਿਨਮਨ ਗ੍ਰੈਂਡ ਹੋਟਲ ਵਿੱਚ ਹੋਏ।

# ਪੀਡੀਏ ਉਮੀਦਵਾਰ ਬਲਵਿੰਦਰ ਕੁਮਾਰ ਦੇ ਪੱਖ ਵਿੱਚ ਬੂਟਾ ਮੰਡੀ 'ਚ ਹੋਈ ਵਿਸ਼ਾਲ ਰੈਲੀ

## ਪੀਡੀਏ ਆਗੂਆਂ ਨੇ ਕਿਹਾ- ਜਲੰਧਰ ਸੀਟ ਤੋਂ ਵੱਡੀ ਲੀਡ ਨਾਲ ਜਿੱਤਣਗੇ ਬਲਵਿੰਦਰ ਕੁਮਾਰ

**ਫਗਵਾੜਾ (ਬੀ.ਕੇ.ਰੱਤੂ)–** ਪੰਜਾਬ ਡੈਮੋਕ੍ਰੇਟਿਕ ਅਲਾਇੰਸ (ਪੀਡੀਏ) ਦੇ ਜਲੰਧਰ ਲੋਕਸਭਾ ਸੀਟ ਤੋਂ ਉਮੀਦਵਾਰ ਬਲਵਿੰਦਰ ਕੁਮਾਰ ਦੇ ਪੱਖ ਵਿੱਚ ਅੱਜ ਬੂਟਾ ਮੰਡੀ ਵਿਖੇ ਵਿਸ਼ਾਲ ਰੈਲੀ ਹੋਈ। ਇਸ ਵਿੱਚ ਬਸਪਾ ਦੇ ਸੂਬਾ ਪ੍ਰਧਾਨ ਸ. ਰਸ਼ਪਾਲ ਸਿੰਘ ਰਾਜੂ, ਆਰਐਮਪੀਆਈ ਦੇ ਰਾਸ਼ਟਰੀ ਜਨਰਲ ਸਕੱਤਰ ਮੰਗਤ ਰਾਮ ਪਾਸਲਾ, ਸੀਪੀਆਈ ਦੇ ਬੰਤ ਸਿੰਘ ਬਰਾੜ ਸਮੇਤ ਬਸਪਾ, ਪੰਜਾਬ ਏਕਤਾ ਪਾਰਟੀ, ਲੋਕ ਇਨਸਾਫ ਪਾਰਟੀ, ਆਰਐਮਪੀਆਈ ਤੇ ਸੀਪੀਆਈ ਦੇ ਕਈ ਸੀਨੀਅਰ ਆਗੂ ਵਿਸ਼ੇਸ਼ ਤੌਰ 'ਤੇ ਪਹੁੰਚੇ। ਰੈਲੀ ਵਿੱਚ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਬਸਪਾ ਸੂਬਾ ਪ੍ਰਧਾਨ ਰਸ਼ਪਾਲ ਸਿੰਘ ਰਾਜੂ, ਪੰਜਾਬ ਏਕਤਾ ਪਾਰਟੀ ਪ੍ਰਧਾਨ ਸ. ਸੁਖਪਾਲ ਸਿੰਘ ਖਹਿਰਾ, ਆਰਐਮਪੀਆਈ ਦੇ ਮੰਗਤ ਰਾਮ ਪਾਸਲਾ ਤੇ ਸੀਪੀਆਈ ਦੇ ਬੰਤ ਸਿੰਘ ਬਰਾੜ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਦੇ ਰਾਜ ਵਿੱਚ ਦਲਿਤਾਂ, ਪੱਛੜਿਆਂ, ਧਾਰਮਿਕ ਘੱਟ ਗਿਣਤੀਆਂ, ਕਿਸਾਨਾਂ, ਕਿਰਤੀਆਂ ਸਮੇਤ ਆਮ ਲੋਕਾਂ ਦਾ ਸ਼ੋਸ਼ਣ ਹੋਇਆ ਹੈ। ਭਾਜਪਾ ਸਰਕਾਰ ਦੇ ਰਾਜ ਵਿੱਚ ਭਾਰਤੀ ਸੰਵਿਧਾਨ ਖਤਰੇ ਵਿੱਚ ਪੈ ਗਿਆ ਹੈ। ਕਾਂਗਰਸ ਤੇ ਅਕਾਲੀ-ਭਾਜਪਾ ਦੇ ਰਾਜ ਵਿੱਚ ਲੋਕਾਂ ਤੋਂ ਸਿੱਖਿਆ, ਸਿਹਤ ਤੇ ਰੁਜ਼ਗਾਰ ਖੋਹ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਤੇ ਅਕਾਲੀ-ਭਾਜਪਾ ਸਰਕਾਰਾਂ ਦੋਵੇਂ ਇੱਕੋ ਹੀ ਹਨ। ਇਨ੍ਹਾਂ ਆਗੂਆਂ ਨੇ ਕਿਹਾ ਕਿ ਪੰਜਾਬ ਵਿੱਚ ਕਾਂਗਰਸ ਤੇ ਅਕਾਲੀ-ਭਾਜਪਾ ਦੀ ਲੀਡਰਸ਼ਿਪ ਅੰਦਰਖਾਤੇ ਰਲੀ ਹੋਈ ਹੈ। ਪਿਛਲੇ 70 ਸਾਲਾਂ ਤੋਂ ਜ਼ਿਆਦਾ ਸਮੇਂ ਤੱਕ ਇਨ੍ਹਾਂ ਦੇ ਰਾਜ ਵਿੱਚ ਪੰਜਾਬ ਤੇ ਪੰਜਾਬੀਆਂ ਦੀ ਹਾਲਤ ਹੋਰ ਖਰਾਬ ਹੋ ਗਈ ਹੈ। ਸ. ਰਾਜੂ, ਸ. ਖਹਿਰਾ, ਸ੍ਰੀ ਪਾਸਲਾ ਤੇ ਸ. ਬਰਾੜ ਨੇ ਕਿਹਾ ਕਿ ਪੰਜਾਬ ਡੈਮੋਕ੍ਰੇਟਿਕ ਅਲਾਇੰਸ ਦੇ ਉਮੀਦਵਾਰ ਬਲਵਿੰਦਰ ਕੁਮਾਰ ਦੀ ਚੜਤ ਦੇਖ ਕੇ ਕਾਂਗਰਸ ਵਿੱਚ ਘਬਰਾਹਟ ਪੈਦਾ ਹੋ ਗਈ ਹੈ। ਇਸੇ ਕਰਕੇ ਕਾਂਗਰਸ ਉਮੀਦਵਾਰ ਚੌਧਰੀ ਸੰਤੋਖ ਸਿੰਘ ਨੂੰ ਕਾਗਜ਼ ਦਾਖਲ ਕਰਨ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸੱਦਣਾ ਪੈ ਰਿਹਾ ਹੈ। ਇਨ੍ਹਾਂ ਆਗੂਆਂ ਨੇ ਕਿਹਾ ਕਿ ਜਲੰਧਰ ਲੋਕਸਭਾ ਸੀਟ ਤੋਂ ਪੀਡੀਏ ਉਮੀਦਵਾਰ ਬਲਵਿੰਦਰ ਕੁਮਾਰ ਵੱਡੀ ਲੀਡ ਨਾਲ ਜਿੱਤਣਗੇ। ਪੰਜਾਬ ਏਕਤਾ ਪਾਰਟੀ ਪ੍ਰਧਾਨ ਸ. ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਜਲੰਧਰ ਵਿੱਚ ਪੀਡੀਏ, ਕਾਂਗਰਸ ਤੇ ਅਕਾਲੀ-ਭਾਜਪਾ ਉਮੀਦਵਾਰ ਚੋਣ ਮੈਦਾਨ ਵਿੱਚ ਹਨ। ਇਨ੍ਹਾਂ ਵਿੱਚੋਂ ਪੀਡੀਏ ਉਮੀਦਵਾਰ ਬਲਵਿੰਦਰ ਕੁਮਾਰ ਦੇ ਮੁਕਾਬਲੇ ਦੂਜੀਆਂ ਪਾਰਟੀਆਂ ਦੇ ਉਮੀਦਵਾਰ ਕਿਤੇ ਨਹੀਂ ਖੜਦੇ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਉਮੀਦਵਾਰ ਚੌਧਰੀ ਸੰਤੋਖ ਸਿੰਘ ਦਾਗੀ ਹਨ, ਦੂਜੇ ਪਾਸੇ ਪੀਡੀਏ ਉਮੀਦਵਾਰ ਬਲਵਿੰਦਰ ਕੁਮਾਰ ਨੌਜਵਾਨ, ਪੜ੍ਹੇ-ਲਿਖੇ ਤੇ ਬੇਦਾਗ ਇਮੇਜ ਦੀ ਸ਼ਖਸੀਅਤ ਦੇ ਮਾਲਕ ਹਨ। ਇਸ ਰੈਲੀ ਵਿੱਚ ਪੀਡੀਏ ਉਮੀਦਵਾਰ ਬਲਵਿੰਦਰ ਕੁਮਾਰ ਨੂੰ ਪੰਜਾਬ ਡੈਮੋਕ੍ਰੇਟਿਕ ਅਲਾਇੰਸ ਆਗੂਆਂ-ਵਰਕਰਾਂ ਵੱਲੋਂ ਸਨਮਾਨਿਤ ਕੀਤਾ ਗਿਆ।



# ਡਾ. ਅੰਬੇਡਕਰ ਵੈਲਫੇਅਰ ਸੁਸਾਇਟੀ ਨੇ ਮਨਾਇਆ ਬਾਬਾ ਸਾਹਿਬ ਦਾ 128ਵਾਂ ਜਨਮ ਦਿਵਸ

## ਚੌਧਰੀ ਖੁਸ਼ੀ ਰਾਮ ਨੇ ਮੰਗਿਆ ਵੋਟ ਦਾ ਆਸ਼ੀਰਵਾਦ

**ਫਗਵਾੜਾ (ਬੀ.ਕੇ.ਰੱਤੂ)–** ਡਾ. ਬੀ.ਆਰ. ਅੰਬੇਡਕਰ ਵੈਲਫੇਅਰ ਸੁਸਾਇਟੀ ਚਾਚੋਕੀ ਵਲੋਂ ਭਾਰਤ ਰਤਨ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਜੀ ਦਾ 128ਵਾਂ ਜਨਮ ਦਿਵਸ ਸਮੂਹ ਇਲਾਕਾ ਨਿਵਾਸੀਆਂ ਅਤੇ ਪ੍ਰਵਾਸੀ ਭਾਰਤੀਆਂ ਦੇ ਸਹਿਯੋਗ ਨਾਲ ਪ੍ਰਧਾਨ ਚਿਰੰਜੀ ਲਾਲ ਦੀ ਅਗਵਾਈ ਹੇਠ ਬੜੀ ਸ਼ਰਧਾ ਪੂਰਵਕ ਮਨਾਇਆ ਗਿਆ। ਇਸ ਮੌਕੇ ਮਿਸ਼ਨਰੀ ਗਾਇਕਾ ਬਲਵੀਰ ਗਰਾਈ, ਗਾਇਕ ਵਿੱਕੀ ਬਹਾਦਰਕੇ ਅਤੇ ਪੰਮਾ ਸੁੰਨੜ ਨੇ ਬਾਬਾ ਸਾਹਿਬ ਦੇ ਜੀਵਨ ਅਤੇ ਸੰਘਰਸ਼ ਨੂੰ ਆਪਣੇ ਗੀਤਾਂ ਰਾਹੀਂ ਪੇਸ਼ ਕੀਤਾ ਅਤੇ ਬਾਬਾ ਸਾਹਿਬ ਦੇ ਮਿਸ਼ਨ ਨੂੰ ਪੂਰਾ ਕਰਨ ਦਾ ਹੌਕਾ ਦਿੱਤਾ। ਇਸ ਮੌਕੇ ਦਲਿਤ ਲੇਖਕ ਡਾ. ਐਸ.ਐਲ. ਵਿਰਦੀ, ਅਸ਼ੋਕ ਸੰਧੂ, ਬੀਬੀ ਸਰਬਜੀਤ ਕੌਰ ਕੌਂਸਲਰ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਸਾਨੂੰ ਬਾਬਾ ਸਾਹਿਬ ਦੇ ਮਾਰਗ ਤੇ ਚਲਦਿਆਂ ਦੇਸ਼ ਵਿਚੋਂ ਜਾਤ-ਪਾਤ ਦੇ ਕੋਹੜ ਨੂੰ ਖਤਮ ਕਰਨ ਲਈ ਹੰਬਲਾ ਮਾਰਨਾ ਚਾਹੀਦਾ ਹੈ ਅਤੇ ਬਾਬਾ ਸਾਹਿਬ ਦੇ ਜੀਵਨ ਤੋਂ ਸੇਧ ਲੈ ਕੇ ਉਹਨਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਹਮੇਸ਼ਾ ਤੱਤਪਰ ਰਹਿਣਾ ਚਾਹੀਦਾ ਹੈ। ਇਸ ਸਮਾਗਮ ਵਿਚ ਹਲਕਾ ਲੋਕਸਭਾ ਹੁਸ਼ਿਆਰ-ਪੁਰ ਤੋਂ ਬਸਪਾ ਅਤੇ ਪੀ.ਡੀ.ਏ. ਦੇ ਸਾਂਝੇ ਉਮੀਦਵਾਰ ਚੌਧਰੀ ਖੁਸ਼ੀ ਰਾਮ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਉਹਨਾਂ ਸਮੂਹ ਹਾਜਰੀਨ ਨੂੰ ਬਾਬਾ ਸਾਹਿਬ ਦੇ ਜਨਮ ਦਿਵਸ ਦੀ ਵਧਾਈ ਦਿੱਤੀ ਅਤੇ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਾਉਣ ਦਾ ਸੁਨੇਹਾ ਦੇਣ ਤੋਂ ਇਲਾਵਾ ਪੁਰਜੋਰ ਅਪੀਲ ਕੀਤੀ ਕਿ 19 ਮਈ ਨੂੰ ਹੋਣ ਵਾਲੀ ਵੋਟਿੰਗ ਵਿਚ ਉਹਨਾਂ ਨੂੰ ਵੋਟ ਦਾ ਆਸ਼ੀਰਵਾਦ ਦੇਣ ਤਾਂ ਜੋ ਮੈਂਬਰ ਪਾਰਲੀਮੈਂਟ ਬਣ ਕੇ ਉਹ ਇਲਾਕੇ ਦੇ ਲੋਕਾਂ ਦੀ ਸੇਵਾ ਕਰ ਸਕਣ। ਇਸ ਮੌਕੇ ਸੁਸਾਇਟੀ ਵਲੋਂ ਨਰਸਰੀ ਤੋਂ ਬੀ.ਏ. ਤਕ ਦੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਸੁਸਾਇਟੀ ਪ੍ਰਧਾਨ ਚਿਰੰਜੀ ਲਾਲ ਕਾਲਾ ਨੇ ਪ੍ਰੋਗਰਾਮ ਨੂੰ ਸਫਲ ਬਨਾਉਣ ਲਈ ਐਨ.ਆਰ.ਆਈ. ਭਰਾਵਾਂ ਅਤੇ ਸਹਿਯੋਗੀਆਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਸੁਸਾਇਟੀ ਵਲੋਂ ਕਲਾਕਾਰਾਂ ਅਤੇ ਮੁੱਖ ਮਹਿਮਾਨ ਸਮੇਤ ਸਮੂਹ ਸਹਿਯੋਗੀਆਂ ਨੂੰ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸ੍ਰੀਮਤੀ ਰਚਨਾ ਦੇਵੀ ਸਕੱਤਰ ਬਸਪਾ ਪੰਜਾਬ, ਸਤਨਾਮ ਬਿਰਹਾ, ਹਰਭਜਨ ਸੁਮਨ, ਪਰਮਜੀਤ ਖਲਵਾੜਾ, ਐਡਵੋਕੇਟ ਕੁਲਦੀਪ ਭੱਟੀ, ਪ੍ਰਨੀਸ਼ ਬੰਗਾ, ਅਮਰਜੀਤ ਖੁੱਤਣ, ਬੀ.ਕੇ. ਰੱਤੂ, ਸ੍ਰੀਮਤੀ ਬੰਸ ਕੌਰ, ਪਰਮਿੰਦਰ ਪਲਾਹੀ, ਕਮਲ, ਹਰਦਿਆਲ, ਮਨੋਜ ਚਾਚੋਕੀ, ਰਜਿੰਦਰ ਕੁਮਾਰ, ਸੋਨੀ ਬੈਂਸ, ਸਤਪਾਲ, ਚਮਨ ਲਾਲ, ਸੁਰਿੰਦਰ ਪਾਲ, ਸ਼ੰਕਰ ਦਾਸ, ਹੇਮਰਾਜ, ਨਿਰਮਲਜੀਤ ਕਾਕਾ ਤੋਂ ਇਲਾਵਾ ਵੱਡੀ ਗਿਣਤੀ ਵਿਚ ਇਲਾਕਾ ਨਿਵਾਸੀ ਹਾਜਰ ਸਨ।




# SRI GURU RAVIDASS SABHA PITTSBURG (CA)

2150 CRESTVIEW DRIVE, Pittsburg CA 94565 Tel: (925) 439-2355

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਅਪ੍ਰੈਲ ਮਹੀਨੇ ਦੇ ਪ੍ਰੋਗਰਾਮ

*Guru Piari Sadh Sangat Ji,*

*Devoted families are requesting entire Sangat to attend the following functions:*

***April 28, 2019***
***Sukhmani Sahib Path and Langar ******

***May 19, 2019***
*Sukhmani Sahib Path Langar Sewa by Bhai Joginder Singh and Bibi Gurmeet Kaur*

*Sri Sukhmani Sahib Path and Langar Sewa will be hosted by Bhai Joginder Singh ji (Delhi Wale), Bibi Gurmeet Kaur and family in the loving memory of their parents. May Waheguru keep HIS blessing on the family.*

*"NANAK NAM CHARDI KALA TERE BHANE SARBAT DA BHALA"*

*Please visit Gurughar website for information: WWW.SriGuruRavidassTemple.com*

*NOTE: Sewa is available for the dates with ***.*

*Please contact General Secretary at 209.834.4641 for more information.*

Sangat Sewadars

Chairman
Ramesh Suman
925-366-3618

General Secretary
Dilbag Singh
209-834-4641

President
Kashmiri Bhatia
408-460-0262

Treasurer
Narinder Chahal
209- 627-7974


# ਸੈਕਰਾਮੈਂਟੋ ਦਰਿਆ ਵਿਚ ਰੁੜੇ ਭਾਰਤੀ ਮੂਲ ਦੇ ਪਤੀ-ਪਤਨੀ ਦੀਆਂ ਲਾਸ਼ਾਂ ਬਰਾਮਦ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**–ਆਪਣੇ ਟੋਅ-ਟਰੱਕ ਸਮੇਤ ਸੈਕਰਾਮੈਂਟੋ ਦਰਿਆ ਵਿਚ ਰੁੜੇ ਭਾਰਤੀ ਮੂਲ ਦੇ



ਫਿਜ਼ੀਅਨ ਜੋੜੇ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ। ਸ਼ਲਵਿਨੇਸ਼ ਸ਼ਰਮਾ ਦੀ ਲਾਸ਼ ਹਾਦਸੇ ਵਾਲੇ ਸਥਾਨ ਤੋਂ ਤਕਰੀਬਨ 5 ਕਿਲੋਮੀਟਰ ਦੂਰ ਦਰਿਆ ਵਿਚ ਤੈਰਦੀ ਹੋਈ ਮਿਲੀ। ਕੈਲੀਫੋਰਨੀਆ ਰਾਸ਼ਟਰੀ ਮਾਰਗ ਗਸ਼ਤੀ ਟੀਮ ਦੇ ਅਧਿਕਾਰੀ ਜਿਮ ਯੌਂਗ ਨੇ ਇਹ ਜਾਣਕਾਰੀ ਦਿੱਤੀ। ਸ਼ਰਮਾ ਦੀ ਪਤਨੀ ਰੋਜਲਿਨ ਸ਼ਰਮਾ ਦੀ ਲਾਸ਼ ਟਰੱਕ ਵਿਚੋਂ ਬਰਾਮਦ ਹੋਈ। ਰੋਜਲਿਨ ਸ਼ਰਮਾ ਦੇ ਭਰਾ ਡੋਨਲਡ ਸਿੰਘ ਨੇ ਬਹੁਤ ਹੀ ਦੁੱਖੀ ਮੰਨ ਨਾਲ ਕਿਹਾ ਕਿ ਬਚਾਅ ਕਾਰਵਾਈ ਬਹੁਤ ਦੇਰੀ ਨਾਲ ਸ਼ੁਰੂ ਕੀਤੀ ਗਈ। ਜੇਕਰ ਟਰੱਕ ਨੂੰ ਪਾਣੀ ਵਿਚੋਂ ਛੇਤੀ ਕੱਢ ਲਿਆ ਜਾਂਦਾ ਤਾਂ ਹੋ ਸਕਦਾ ਸੀ ਕਿ ਉਸ ਦੀ ਭੈਣ ਬਚ ਜਾਂਦੀ। ਦੂਸਰੇ ਪਾਸੇ ਜਿਮ ਯੌਂਗ ਦਾ ਕਹਿਣਾ ਹੈ ਕਿ ਦਰਿਆ ਦਾ ਪਾਣੀ ਬਹੁਤ ਤੇਜੀ ਨਾਲ ਵਹਿ ਰਿਹਾ ਸੀ।

ਸਮੁੰਦਰੀ ਤੂਫਾਨ ਵਾਂਗ ਸ਼ੂਕਦੇ ਦਰਿਆ ਦੇ ਪਾਣੀ ਕਾਰਨ ਬਚਾਅ ਕਾਰਵਾਈ ਛੇਤੀ ਸ਼ੁਰੂ ਨਹੀਂ ਕੀਤੀ ਜਾ ਸਕੀ। ਇਥੇ ਵਰਣਨਯੋਗ ਹੈ ਕਿ ਪਿਛਲੇ ਮਹੀਨੇ ਦਾ ਆਖਿਰ ਵਿਚ ਸ਼ਰਮਾ ਦਾ ਟਰੱਕ ਇਕ ਹੋਰ ਵਾਹਣ ਨਾਲ ਟਕਰਾਕੇ ਦਰਿਆ ਵਿਚ ਡਿੱਗ ਪਿਆ ਸੀ। ਉਸ ਦਿਨ ਤੋਂ ਹੀ ਸ਼ਰਮਾ ਜੋੜੇ ਦੀ ਹੋਣੀ ਨੂੰ ਲੈ ਕੇ ਫਿਕਰਮੰਦੀ ਪ੍ਰਗਟਾਈ ਜਾ ਰਹੀ ਸੀ।

# ਮਾਨਵਤਾ ਕਲਾ ਮੰਚ ਨਗਰ ਦੀ ਟੀਮ ਨੇ ਬਾਬਾ ਸਾਹਿਬ ਦੀ ਜੀਵਨੀ ਤੇ ਕੋਰੀਓਗ੍ਰਾਫੀ ਅਤੇ ਨਾਟਕ ਦੀ ਪੇਸ਼ਕਾਰੀ ਕਰਕੇ ਲੋਕਾਂ ਨੂੰ ਕੀਤਾ ਲਾਮਬੰਦ

**ਫਗਵਾੜਾ (ਬੀ.ਕੇ.ਰੱਤੂ)–** ਐਨ. ਆਰ. ਆਈਜ਼ ਭਰਾਵਾਂ ਅਤੇ ਗ੍ਰਾਮ ਪੰਚਾ ਤ ਰਿਹਾਣਾ ਜੱਟਾ ਦੇ ਸਹਿਯੋਗ ਨਾਲ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਬੀ ਅੱਰ ਅੰਬੇਡਕਰ ਜੀ ਦਾ ਜਨਮ ਦਿਨ ਬੜੀ ਧੂਪ ਧਾਮ ਨਾਲ ਮਨਾਇਆ । ਮੁੱਖ ਮਹਿਮਾਨ ਵਲੋ ਮੌਜੂਦਾ ਸਰਪੰਚ ਹਰਦੀਪ ਸਿੰਘ ਅਤੇ ਗੁਰੂ ਰਵਿਦਾਸ ਸੈਨਾ ਦੇ ਪੰਜਾਬ ਕੈਸ਼ੀਅਰ ਲਵ ਕੁਮਾਰ ਵਿਸ਼ੇਸ਼ ਤੋਰ ਤੇ ਹਾਜਿਰ ਹੋਏ ਇਸ ਮੌਕੇ ਲਵ ਕੁਮਾਰ ਨੇ ਬਾਬਾ ਸਾਹਿਬ ਦੇ ਜੀਵਨ ਅਤੇ ਸੰਘਰਸ਼ ਵਾਰੇ ਜਾਣੂੰ ਕਰਵਾਉਂਦੇ ਹੋਏ ਕਿਹਾ ਕੀ ਸਾਨੂੰ ਬਾਬਾ ਸਾਹਿਬ ਦੀ ਸੋਚ ਨੂੰ ਘਰ ਘਰ ਪਹੁੰਚਾਉਣ ਦੀ ਲੋੜ ਹੈ। ਜਿੱਥੇ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਨ ਦੀ ਲੋੜ ਹੈ। ਉਥੇ ਨਾਲ ਹੀ ਸਾਨੂੰ ਨੋਜਵਾਨਾ ਨੂੰ ਨਸ਼ਿਅੱ ਤੋ ਦੂਰ ਰਹਿਣ ਲਈ ਪ੍ਰੇਰਿਤ ਕਰਨ ਦੀ ਲੋੜ ਹੈ। ਇਸ ਮੌਕੇ ਛੋਟੇ ਬੱਚਿਆਂ ਨੇ ਅਤੇ ਮਾਨਵਤਾ ਕਲਾ ਮੰਚ ਨਗਰ ਦੀ ਟੀਮ ਨੇ ਬਾਬਾ ਸਾਹਿਬ ਦੀ ਜੀਵਨੀ ਤੇ ਕੋਰੀਓਗ੍ਰਾਫੀ ਅਤੇ ਨਾਟਕ ਦੀ ਪੇਸ਼ਕਾਰੀ ਕਰਕੇ ਲੋਕਾਂ ਨੂੰ ਲਾਮਬੰਦ ਕੀਤਾ। ਇਸ ਮੌਕੇ ਪ੍ਰਬੰਧਕਾ ਤੇ ਹੋਰਾਂ ਵਲੋਂ ਵਾਤਾਵਾਰਨ ਦੀ ਸੰਭਾਲ ਲਈ ਫੁੱਲ ਬੁਟੇ ਵੀ ਲਗਾਏ ਗਏ। ਇਸ ਮੌਕੇ ਬਲਜੀਤ ਕੌਰ, ਤਰਸੇਮ ਲਾਲ, ਨਿਰਮਲਾ ਕੌਰ ਪੰਚ, ਬਲਵੀਰ ਕੋਰ ਪੰਚ, ਸਾਬਕਾ ਸਰਪੰਚ ਰਾਮ ਅੱਸਰਾ, ਰਜੇਸ਼ ਕੁਮਾਰ ਪੰਚ, ਸੁਰਜੀਤ ਸਿੰਘ ਪੰਚ, ਬੁਟਾ ਸਿੰਘ, ਬਹਾਦਰ ਸਿੰਘ, ਬਲਹਾਰ ਸਿੰਘ, ਜਗਦੀਸ਼ ਸੱਲਣ, ਹਰਭਜਨ ਚੌਧਰੀ, ਰਘਵੀਰ, ਗੁਰਜੀਤ ਕੋਰ, ਬੇਬੀ ਅਪਸਰਾ, ਪਵਨ ਕੁਮਾਰ ,ਰਕੇਸ਼ ਕੁਮਾਰ, ਨਰਿੰਦਰ ਕੁਮਾਰ, ਰੋਹਿਤ, ਧਰਮਪਾਲ, ਰਜਿੰਦਰ, ਪਰਤਾਪ ਸਿੰਘ ਅਦਿ ਸ਼ਾਮਲ ਹੋਏ।




'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com www.ambedkartimes.com

# ਸ਼੍ਰੀਲੰਕਾ ਵਿਚ ਦਹਿਸ਼ਤਗਰਦੀ

ਕਰੀਬ ਇਕ ਦਹਾਕਾ ਪਹਿਲਾਂ ਤਮਿਲਾਂ ਦੀ ਅਤਿਵਾਦੀ ਜਥੇਬੰਦੀ ਲਿਟੇ ਦੇ ਖਾਤਮੇ ਤੋਂ ਬਾਅਦ ਸ਼ਾਂਤੀ ਅਤੇ ਸਥਿਰਤਾ ਵੱਲ ਵੱਧ ਰਿਹਾ ਸ਼੍ਰੀਲੰਕਾ ਇਕ ਵਾਰ ਫਿਰ ਭਿਆਨਕ ਹਿੰਸਾ ਦਾ ਸ਼ਿਕਾਰ ਹੋ ਗਿਆ ਹੈ। ਇਸ ਛੋਟੇ ਜਿਹੇ ਮੁਲਕ ਦੇ ਨਾਲ ਨਾਲ ਪੂਰੀ ਦੁਨੀਆਂ ਲਈ ਇਹ ਦਹਿਸ਼ਤਗਰਦੀ ਖੋਫਨਾਕ ਹੈ। ਸ਼੍ਰੀਲੰਕਾ ਦੇ ਤਿੰਨ ਚਰਚ ਅਤੇ ਕਰੀਬ 3 ਹੋਟਲਾਂ ਦੇ ਨਾਲ ਕੁਝ ਹੋਰ ਜਨਤਕ ਥਾਵਾਂ ਤੇ ਹੋਏ ਧਮਾਕਿਆਂ ਵਿਚ 290 ਤੋਂ ਵੱਧ ਲੋਕੀ ਮਾਰੇ ਗਏ ਹਨ ਅਤੇ ਇਸ ਤੋਂ ਕਿਤੇ ਜ਼ਿਆਦਾ ਜ਼ਖਮੀ ਹੋ ਗਏ ਹਨ। ਇਹ ਹਮਲੇ ਕਿਸੇ ਵੱਡੀ ਯੋਜਨਾਬੱਧ ਸਾਜਿਸ਼ ਦਾ ਹਿੱਸਾ ਦੱਸੇ ਜਾ ਰਹੇ ਹਨ। ਸਿਰਫ ਹੋਟਲਾਂ ਨੂੰ ਹੀ ਨਹੀਂ ਬਲਕਿ ਚਰਚਾਂ ਨੂੰ ਜਿਸ ਤਰ੍ਹਾਂ ਨਿਸ਼ਾਨਾ ਬਣਾਇਆ ਗਿਆ ਹੈ, ਉਸ ਤੋਂ ਇਕ ਗੱਲ ਤਾਂ ਸਾਫ ਹੁੰਦੀ ਹੈ ਕਿ ਅੱਤਵਾਦੀ ਇਸਾਈ ਭਾਈਚਾਰੇ ਦੇ ਲੋਕਾਂ ਨੂੰ ਨਿਸ਼ਾਨਾ ਬਣਾਉਣਾ ਚਾਹੁੰਦੇ ਸਨ। ਇਸੇ ਲਈ ਚਰਚ ਵਿਚ ਉਦੋਂ ਧਮਾਕੇ ਕੀਤੇ ਗਏ, ਜਦੋਂ ਇੱਥੇ ਈਸਟਰ ਦੀ ਪ੍ਰਾਰਥਨਾ ਹੋ ਰਹੀ ਸੀ। ਸ਼੍ਰੀਲੰਕਾ ਵਿਚ ਪਹਿਲਾਂ ਵੀ ਸਿੰਘਲੀ ਬੋਧੀਆਂ ਦਾ ਤਮਿਲਾਂ ਅਤੇ ਮੁਸਲਮਾਨਾਂ ਨਾਲ ਟਕਰਾਅ ਰਿਹਾ ਹੈ ਪਰ ਘੱਟ ਗਿਣਤੀ ਇਸਾਈ ਭਾਈਚਾਰੇ ਦਾ ਕਿਸੇ ਹੋਰ ਭਾਈਚਾਰੇ ਨਾਲ ਕੋਈ ਟਕਰਾਅ ਨਹੀਂ ਰਿਹਾ। ਜੇਕਰ ਅਜਿਹੇ ਧਮਾਕਿਆਂ ਦੇ ਲਈ ਕਿਸੇ ਬਾਹਰੀ ਤਾਕਤ ਦਾ ਹੱਥ ਹੈ ਤਾਂ ਸ਼੍ਰੀਲੰਕਾ ਵਿਚ ਅਜਿਹਾ ਕਿਉਂ ਕੀਤਾ ਗਿਆ ਕਿਉਂਕਿ ਸ਼੍ਰੀਲੰਕਾ ਜ਼ਿਆਦਾਤਰ ਕਿਸੇ ਵੀ ਮੁਲਕ ਦੇ ਕੰਮ ਵਿਚ ਦਖਲਅੰਦਾਜ਼ੀ ਨਹੀਂ ਕਰਦਾ।

ਹੁਣ ਤੱਕ ਮਾਰੇ ਗਏ ਲੋਕਾਂ ਦੀ ਗਿਣਤੀ 290 ਤੱਕ ਪਹੁੰਚ ਗਈ ਹੈ ਅਤੇ ਸ਼੍ਰੀਲੰਕਾ ਦੀ ਸਰਕਾਰ ਨੇ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਹੈ। ਧਮਾਕੇ ਆਤਮਘਾਤੀ ਸਨ, ਜਿਹਨਾਂ ਵਿਚ ਧਮਾਕੇ ਕਰਨ ਵਾਲੇ ਵੀ ਉਡ ਗਏ।ਹਾਲ ਹੀ ਵਿਚ ਸਾਗਰੀ-ਲਾ-ਹੋਟਲ ਵਿਚ ਹੋਏ ਆਤਮਘਾਤੀ ਹਮਲੇ ਵਿਚ ਬੰਬ ਸੁੱਟਣ ਵਾਲੇ ਦੀ ਪਛਾਣ ਕੀਤੀ ਗਈ ਹੈ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਧਮਾਕਿਆਂ ਵਿਚ ਉਸ ਆਤਮਘਾਤੀ ਦੀ ਪਤਨੀ ਅਤੇ ਭੈਣ ਵੀ ਮਾਰੀਆਂ ਗਈਆਂ ਹਨ। ਸੀਲਾਵਨ ਨਾਂ ਦਾ ਇਹ ਵਿਅਕਤੀ ਇਕ ਫੈਕਟਰੀ ਦਾ ਮਾਲਕ ਦੱਸਿਆ ਜਾ ਰਿਹਾ ਹੈ।

ਇਹਨਾਂ ਧਮਾਕਿਆਂ ਦਾ ਮਕਸਦ ਕੀ ਸੀ ਅਤੇ ਆਤਮਘਾਤੀ ਕੀ ਸਿੱਧ ਕਰਨਾ ਚਾਹੁੰਦੇ ਸਨ, ਇਹ ਤਾਂ ਫਿਲਹਾਲ ਜਾਂਚ ਵਿਚ ਸਾਹਮਣੇ ਆਵੇਗਾ, ਪਰ ਦਹਿਸ਼ਤਗਰਦੀ ਦੇ ਨਵੇਂ-ਨਵੇਂ ਰੂਪਾਂ ਦੇ ਕਾਰਨ ਦੁਨੀਆਂ ਭਰ ਦੇ ਸ਼ਾਂਤਪਸੰਦ ਭਾਈਚਾਰਿਆਂ ਵਿਚ ਜ਼ਰੂਰ ਦਹਿਸ਼ਤ ਦਾ ਮਾਹੌਲ ਵੱਧ ਗਿਆ ਹੈ। ਕਈ ਮੁਲਕਾਂ ਵਿਚ ਲੋਕੀ ਜਨਤਕ ਥਾਵਾਂ ਤੇ ਜਾਣ ਤੋਂ ਡਰ ਰਹੇ ਹਨ। ਅਜਿਹੀ ਮਾੜੀ ਪ੍ਰਵਿਰਤੀ ਰੋਕਣ ਲਈ ਦੁਨੀਆਂ ਨੂੰ ਇੱਕਜੁਟ ਹੋਣਾ ਹੋਵੇਗਾ ਅਤੇ ਕੁਝ ਮੁਲਕਾਂ ਦੇ ਸਵਾਰਥਾਂ ਦੇ ਕਾਰਨ ਉਹਨਾਂ ਨੂੰ ਵੀ ਠੱਲ੍ਹ ਪਾਉਣੀ ਹੋਵੇਗੀ, ਤਾਂ ਹੀ ਦੁਨੀਆ ਸ਼ਾਂਤੀ ਨਾਲ ਆਪਣਾ ਜੀਵਨ ਗੁਜ਼ਾਰ ਸਕਦੀ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-101

## ਗਉੜੀ ਰਾਗ ਬਾਰੇ ਵਿਸ਼ੇਸ਼



ਅਵਤਾਰ ਸਿੰਘ ਮਿਸ਼ਨਰੀ
510-432-5827

ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ੩੧ ਰਾਗਾਂ ਚੋਂ ਗਉੜੀ ਤੀਜਾ ਰਾਗ ਹੈ। ਇਸ ਰਾਗ ਦੇ ਸਿਰਲੇਖ ਹੇਠ ੭੪੩ ਰਚਨਾਵਾਂ ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੫੧ ਤੋਂ ੩੪੬ ਤੱਕ ਇਸ ਰਾਗ 'ਚ ਦਰਜ ਹਨ। ਗਉੜੀ ਰਾਗ ਨੂੰ ਛੌਥੇ ਪਹਿਰੇ (ਸ਼ਾਮ ੩ ਵਜੇ ਤੋਂ ਸ਼ਾਮ ਦੇ ੬ ਵਜੇ ਤੱਕ) ਗਾਇਆ ਜਾਂਦਾ ਹੈ। ੧੪% ਸ਼ਬਦ ਗੁਰੂ ਗ੍ਰਥ ਦੀ ਬਾਣੀ ਦਾ ਭਾਗ ਇਸ ਰਾਗ ਨਾਲ ਭਰਪੂਰ ਹੈ। ਇਸ ਰਾਗ ਦਾ ਥਾਟ ਭੈਰਵ ਹੈ। ਜਾਤਿ-ਔਡਵ ਸੰਪੂਰਨ (ਅਰੋਹ ਵਿੱਚ ਪੰਜ ਤੇ ਅਵਰੋਹ ਵਿੱਚ ਸੱਤ ਸੁਰ ਲਗਦੇ ਹਨ। ਇਸ ਦੀ ਪ੍ਰਕਿਰਤੀ ਭਗਤੀਮਈ ਹੈ। ਇਸ ਵਿੱਚ ਰੇ, ਧਾ ਕੋਮਲ ਸਵਰ ਤੇ ਬਾਕੀ ਸਾਰੇ ਸ਼ੁੱਧ ਸੁਰ ਲਗਦੇ ਹਨ। ਇਸ ਰਾਗ 'ਚ ਵਾਦੀ "ਰੇ" ਅਤੇ ਸੰਵਾਦੀ "ਪਾ" ਹੈ। "ਗਾ" ਅਤੇ "ਧਾ" ਅਰੋਹੀ ਵਿੱਚ ਵਰਜਿਤ ਹਨ। ਅਰੋਹੀ-ਸਾ ਰੇ ਮਾ ਪਾ ਨੀ ਸਾ ਅਤੇ ਅਵਰੋਹੀ-ਸਾ ਨੀ ਧੁ ਪਾ ਮਾ ਗਾ ਰੇ ਸਾ, ਨੀ ਸਾ ਹੈ। ਇਸ ਰਾਗ ਦੀ ਪਕੜ ਸਾ ਰੇ ਮਾ ਪਾ, ਗਾ ਰੇ ਸਾ ਨੀ ਧਾ ਪਾ ਮਾ ਪਾ ਨੀ ਸਾ ਸੁਰ ਹਨ।

ਨੋਟ-ਬਹੁਤੇ ਅਨਮੱਤੀ ਤੇ ਭਾਰਤੀ ਰਾਗ ਘਰਾਣੇ ਇਸ ਨੂੰ ਵੱਖ ਵੱਖ ਰਾਗਾਂ ਦੀ ਰਾਗਣੀ ਮੰਨਦੇ ਹਨ। ਜਿਵੇਂ ਹੋਲੀ ਤੋਂ ਹੋਲਾ ਤੇ ਬੋਲੀ ਤੋਂ ਬੋਲਾ ਸ਼ਬਦ ਗੁਰਮਤਿ ਦੇ ਹਨ ਇਵੇਂ ਹੀ ਰਾਗਣੀ ਤੋਂ ਰਾਗ ਗੁਰਮਤਿ ਸੰਗੀਤ ਦਾ ਬੋਲਾ ਹੈ। ਰਾਗ ਦਾ ਅਰਥ ਪ੍ਰੇਮ ਹੈ ਜੋ ਕਿਸੇ ਲੈ ਸੁਰ ਅਤੇ ਅੰਦਾਜ਼ ਦੀ ਬੰਦਸ਼ ਵਿੱਚ ਗਾਇਆ ਜਾਂਦਾ ਹੈ। ਮਿਥਿਹਾਸ ਤੇ ਭਾਰਤੀ ਰਾਗ ਘਰਾਣੇ ਰਾਗਾਂ ਦੀਆਂ ਪਤਨੀਆਂ ਤੇ ਪੁੱਤ੍ਰ ਵੀ ਮੰਨਦੇ ਹਨ। ਦੇਖੋ! ਪਤਨੀਆਂ ਤੇ ਪੁੱਤ੍ਰ ਤਾਂ ਸਰੀਰਕ ਤੌਰ ਤੇ ਹੋ ਸਕਦੇ ਹਨ ਕਿਉਂਕਿ-ਜੈਸੇ ਮਾਤ ਪਿਤਾ ਬਿਨੁ ਬਾਲੁ ਨ ਹੋਈ॥ (੮੭੨) ਸਰੀਰਧਾਰੀ ਮਾਤਾ ਪਿਤਾ ਦੇ ਸੁਮੇਲ ਤੋਂ ਬਿਨਾਂ ਬੱਚਾ ਪੈਦਾ ਨਹੀਂ ਹੁੰਦਾ ਹਾਂ ਰਾਗਾਂ ਦੀਆਂ ਅੱਗੇ ਕਿਸਮਾਂ ਹੋ ਸਕਦੀਆਂ ਹਨ। ਇਨ੍ਹਾਂ ਭਾਰਤੀ ਸਾਧਾਂ ਸੰਪ੍ਰਦਾਈਆਂ ਤੋਂ ਸਿੱਖੇ ਅਜੋਕੇ ਡੇਰੇਦਾਰ ਤੇ ਟਕਸਾਲੀ ਵੀ ਗਉੜੀ ਰਾਗ ਅਤੇ ਸੋਰਠ ਰਾਗ ਆਦਿਕ ਨੂੰ ਰਾਗਣੀਆਂ ਹੀ ਕਹੀ ਜਾਂਦੇ ਹਨ।

ਗੁਰੂ ਗ੍ਰੰਥ ਵਿਸ਼ਵ ਕੋਸ਼ ਵਿੱਚ ਡਾ. ਰਤਨ ਸਿੰਘ ਜੱਗੀ ਲਿਖਦੇ ਹਨ ਕਿ-ਸੰਪੂਰਨ ਜਾਤੀ ਦੇ ਇਸ ਪ੍ਰਸਿੱਧ ਰਾਗ ਨੂੰ ਪੁਰਾਤਨ ਸੰਗੀਤ ਗ੍ਰੰਥਾਂ ਵਿੱਚ ਗੋਰੀ, ਗਵਰੀ, ਗੌੜੀ, ਗਉਰੀ ਆਦਿਕ ਨਾਵਾਂ ਨਾਲ ਲਿਖਿਆ ਗਿਆ ਹੈ। ਪ੍ਰਾਚੀਨ ਰਾਗ ਹੋਣ ਕਰਕੇ ਸਮੇਂ-ਸਮੇਂ ਸੰਗੀਤ ਸ਼ਾਸ਼ਤ੍ਰੀਆਂ ਨੇ ਹੋਰ ਰਾਗਾਂ ਨਾਲ ਮਿਸ਼ਰਿਤ ਕਰਕੇ ਇਸ ਦੇ ਕੁਝ ਹੋਰ ਰੂਪ ਵੀ ਸਾਹਮਣੇ ਲਿਆਂਦੇ ਹਨ। ਗੁਰਬਾਣੀ ਵਿਖੇ ਭਿੰਨ-ਭਿੰਨ ਰਾਗਾਂ ਦੀਆਂ ਸੁਰਾਂ ਜਾਂ ਧੁਨੀਆਂ ਨੂੰ ਜੋੜਨ ਜਾਂ ਉਤਰੀ, ਪੂਰਵੀ ਤੇ ਦੱਖਣੀ ਪੱਧਤੀਆਂ ਨੂੰ ਪਰਸਪਰ ਮਿਲਾਉਣ ਦਾ ਯਤਨ ਵੀ ਕੀਤਾ ਗਿਆ ਅਤੇ ਕਈ ਮਿਸ਼ਰਿਤ ਪ੍ਰਯੋਗ ਵੀ ਹੋਏ-ਜਿਵੇਂ ਗਉੜੀ ਗੁਆਰੇਰੀ, ਦੱਖਣੀ, ਚੇਤੀ, ਬੈਰਾਗਣਿ, ਦੀਪਕੀ, ਪੂਰਬੀ, ਪੂਰਬੀ ਦੀਪਕੀ, ਮਾਝ, ਮਾਲਵਾ, ਮਾਲਾ ਤੇ ਸੋਰਠਿ ਆਦਿਕ। ਇਨ੍ਹਾਂ ਚੋਂ ਕੁਝ ਰੂਪ ਪਰੰਪਰਾਗਤ ਤੇ ਕੁਝ ਅਪ੍ਰਚਲਿਤ ਨੇ ਜੋ ਨਿਸ਼ਚੇ ਹੀ ਗੁਰਬਾਣੀ ਦੀ ਸੰਗੀਤ ਸ਼ਾਸ਼ਤ੍ਰ ਨੂੰ ਵਿਸ਼ੇਸ਼ ਦੇਣ ਹੈ।

ਇਨ੍ਹਾਂ ਸਭ ਭੇਦਾਂ ਦੇ ਗਉਣ ਦਾ ਸਮਾਂ ਲਗਭਗ ਸ਼ਾਮ ਵੇਲਾ ਜਾਂ ਚੌਥਾ ਪਹਿਰ ਹੈ। ਇਸ ਰਾਗ ਦਾ ਵਾਯੂਮੰਡਲ ਗੰਭੀਰ ਹੈ। ਦਾਰਸ਼ਨਿਕ ਤੱਥਾਂ ਨੂੰ ਇਸ 'ਚ ਜ਼ਿਆਦਾ ਉਘਾੜਿਆ ਗਿਆ ਹੈ। ਸ਼ਬਦਾਵਲੀ ਸਰੂਪ ਭਾਰਤੀ ਪਰੰਪਰਾ ਵਾਲਾ ਹੈ। ਸ਼ਬਦ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਇਸ ਰਾਗ ਨੂੰ ਵਿਸ਼ੇਸ਼ ਮਹੱਤਵ ਪ੍ਰਾਪਤ ਹੈ। ਇਸ ਰਾਗ ਬਾਰੇ ਗੁਰੂ ਅਰਜਨ ਸਾਹਿਬ ਨੇ ਆਪਣੀ ਟਿੱਪਣੀ ਇਸ ਪ੍ਰਕਾਰ ਦਿੱਤੀ ਹੈ-ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ॥ ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰ ਕਰੇਇ॥(੩੧੧) ਭਾਵ ਜੀਵ ਰੂਪੀ ਇਸਤਰੀ ਗਾਉੜੀ ਰਾਗ ਦੁਆਰਾ ਤਾਂ ਹੀ (ਸੁਲੱਖਣੀ) ਚੰਗੇ ਲੱਛਣਾਂ ਵਾਲੀ ਹੋ ਸਕਦੀ ਹੈ ਜੇ ਪ੍ਰਭੂ-ਪਤੀ ਨੂੰ ਹਿਰਦੇ 'ਚ ਵਸਾਏ ਅਤੇ ਸਤਿਗੁਰੂ ਦੇ ਭਾਣੈ ਵਿੱਚ ਤੁਰਨਾ ਹੀ ਸ਼ਿੰਗਾਰ ਕਰੇ।

# ਰੋਟੀ ਅਤੇ ਰੂਹਾਨੀਅਤ



ਫਰੈਡੀ ਜੋਜ਼ਫ

ਜਦ ਖੁਦਾ ਨੇ ਆਦਮ ਨੂੰ ਬਣਾਇਆ, ਉਸਨੇ ਉਸ ਲਈ ਖਾਣ-ਪੀਣ ਦੇ ਵਸੀਹ ਪ੍ਰਬੰਧ ਕੀਤੇ। ਉਸਦੇ ਇੱਕਲੇਪਨ ਨੂੰ ਮਹਿਸੂਸ ਕਰਦਿਆਂ ਉਸਦੀ ਜੀਵਨ ਸਾਥੀ ਉਸ ਲਈ ਪੈਦਾ ਕੀਤੀ। ਆਦਮ ਅਤੇ ਹਵਾ ਨੂੰ ਦੂਆ ਬੰਦਗੀ ਦੀ ਕੋਈ ਲੋੜ ਨਹੀਂ ਸੀ, ਕਿਉਂਕਿ ਖੁਦਾ ਉਨ੍ਹਾਂ ਨੂੰ ਖੁਦ ਮਿਲਣ ਆਉਂਦਾ ਸੀ। ਜਿਸ ਸਮੇਂ ਖੁਦਾ ਇਸਰਾਏਲ ਨੂੰ ਕਨਾਨ ਦੇਸ਼ ਲੈ ਕੇ ਗਿਆ ਉਸ ਨੇ ਉਸਨੂੰ ਪਦਾਰਥਕ ਖੁਸ਼ਹਾਲੀ ਦਾ ਸੁਪਨਾ ਵਿਖਾਇਆ - ਦੁੱਧ ਤੇ ਸ਼ਹਿਦ ਦੀਆਂ ਨਦੀਆਂ। ਖੁਦਾ ਨੇ ਪਹਿਲਾਂ ਇਸਰਾਏਲ ਦੀਆਂ ਗੁਲਾਮੀ ਦੀਆਂ ਜੰਜ਼ੀਰਾਂ ਤੋੜੀਆਂ ਤੇ ਇਨ੍ਹਾਂ ਗੁਲਾਮਾਂ ਨੂੰ ਕਨਾਨ ਦੇ ਹਾਕਮ ਬਣਾਇਆ। ਜ਼ਮੀਨਾਂ ਦੇ ਮਾਲਕ ਬਣਾਇਆ। ਉਥੇ ਇਸਰਾਏਲ ਨੇ ਅਜ਼ਾਦ ਕੌਮ ਦੇ ਤੌਰ ਤੇ ਖੁਦਾ ਦੀ ਬੰਦਗੀ ਸ਼ੁਰੂ ਕੀਤੀ। ਇਸੇ ਹੀ ਪੈਟਰਨ ਤੇ ਸਾਰੀ ਦੁਨੀਆਂ ਵਿੱਚ ਈਸਾਈਅਤ ਫੈਲੀ। ਮਿਸ਼ਨਰੀਆਂ ਨੇ ਪ੍ਰਭੂ ਯਿਸੂ ਦੇ ਮੁਕਤੀ ਏਜੰਡੇ - (1) ਭੁੱਖੇ ਨੂੰ ਰੋਟੀ (2) ਪਿਆਸੇ ਨੂੰ ਪਾਣੀ (3) ਨੰਗੇ ਨੂੰ ਕਪੜਾ (4) ਬੀਮਾਰ ਦੀ ਤੀਮਾਰਦਾਰੀ (5) ਬੇਘਰੇ ਨੂੰ ਘਰ ਅਤੇ (6) ਕੈਦੀ ਦੀ ਖਬਰ ਲੈਣ ਨੂੰ ਅਮਲ ਵਿੱਚ ਲਿਆਉਣ ਲਈ ਵਿਸ਼ੇਸ਼ ਅਦਾਰੇ ਕਾਇਮ ਕੀਤੇ। ਪਰ ਅਸੀਂ ਮਹਿਸੂਸ ਕਰਦੇ ਹਾਂ ਕਿ ਪ੍ਰਭੂ ਯਿਸੂ ਦਾ ਇਹ ਮੁਕਤੀ ਏਜੰਡਾ ਅੱਜ ਗਾਇਬ ਹੋ ਗਿਆ ਹੈ - ਭਾਰਤ, ਪਾਕਿਸਤਾਨ ਅਤੇ ਬੰਗਲਾਦੇਸ਼ ਵਿੱਚ। ਇਥੇ ਪ੍ਰਭੂ ਯਿਸੂ ਦਾ ਏਜੰਡਾ ਇਬਾਦਤਾਂ ਤੱਕ ਸੁੰਘੜ ਕੇ ਰਹਿ ਗਿਆ ਹੈ। ਅਸੀਂ ਖੁਦਾ ਨਾਲੋਂ ਟੁੱਟੇ ਹੋਏ ਹਾਂ ਇਸ ਕਰਕੇ ਇਬਾਦਤ ਸਾਡੇ ਲਈ ਜ਼ਰੂਰੀ ਹੈ। ਪਰ ਕੀ ਯਿਸੂ ਮਸੀਹ ਦਾ ਏਜੰਡਾ ਕੇਵਲ ਇਹੀ ਹੀ ਹੈ? ਖੇਤਾਂ ਵਿੱਚ ਝੋਨਾ ਲਾਉਂਦੀਆਂ, ਆਲੂ ਪੁੱਟਦੀਆਂ ਔਰਤਾਂ ਅਤੇ ਦਿਹਾੜੀ ਦੱਪਾ ਕਰਕੇ ਆਪਣੇ ਪਰਿਵਾਰਾਂ ਦਾ ਪੇਟ ਪਾਲ ਰਹੇ ਲੋਕਾਂ ਦੀ ਖਬਰ ਲੈਣਾ ਪ੍ਰਭੂ ਯਿਸੂ ਦੇ ਏਜੰਡੇ ਦਾ ਹਿੱਸਾ ਨਹੀਂ ਹੈ? ਕੀ ਇਨ੍ਹਾਂ ਲੋਕਾਂ ਦਾ ਜੀਵਨ ਸੁਧਾਰ ਪ੍ਰਭੂ ਯਿਸੂ ਦੇ 6 ਨੁਕਾਤੀ ਏਜੰਡੇ ਤੋਂ ਬਾਹਰ ਦੀ ਗੱਲ ਹੈ? ਦੁਨੀਆਂ ਦੇ 164 ਈਸਾਈ ਦੇਸ਼ਾਂ ਦੀ ਆਨ, ਬਾਨ ਅਤੇ ਸ਼ਾਨ ਦਾ ਰਾਜ਼ ਇਹੀ ਹੈ ਕਿ ਉਨ੍ਹਾਂ ਨੇ ਪ੍ਰਭੂ ਯਿਸੂ ਦੇ 6 ਨੁਕਾਤੀ ਏਜੰਡੇ ਅਨੁਸਾਰ ਲੋਕਾਂ ਨੂੰ ਸਨਮਾਨਜਨਕ ਜੀਵਨ ਦਿੱਤਾ ਹੈ। ਇਸੇ ਕਰਕੇ ਹੀ ਦੁਨੀਆਂ ਭਰ ਦੇ ਲੋਕ ਇਨ੍ਹਾਂ ਦੇਸ਼ਾਂ ਨੂੰ ਦੌੜੇ ਜਾ ਰਹੇ ਹਨ। ਭਾਰਤ, ਪਾਕਿਸਤਾਨ ਤੇ ਬੰਗਲਾਦੇਸ਼ ਵਿੱਚ ਆਰਥਿਕ ਬਰਬਾਦੀ ਦਾ ਜੀਵਨ ਜੀ ਰਹੇ ਲੋਕਾਂ ਨੂੰ ਸਨਮਾਨਜਨਕ ਜੀਵਨ ਦੇਣ ਦਾ ਪ੍ਰਭੂ ਯਿਸੂ ਦਾ ਏਜੰਡਾ ਲਾਗੂ ਨਹੀਂ ਹੋ ਸਕਿਆ। ਇਸੇ ਕਾਰਣ ਹੀ ਇਨ੍ਹਾਂ ਦੇਸ਼ਾਂ ਤੇ ਖੁਦਾ ਦੀ ਕੋਈ ਬਰਕਤ ਨਹੀਂ ਹੈ।

# ਸ੍ਰੀਲੰਕਾ ਵਿੱਚ ਐਮਰਜੈਂਸੀ ਲਾਗੂ, ਮ੍ਰਿਤਕਾਂ ਦੀ ਗਿਣਤੀ 290 ਹੋਈ

**ਕੋਲੰਬੋ-** ਸ੍ਰੀਲੰਕਾ ਦੀ ਰਾਜਧਾਨੀ ਕੋਲੰਬੋ ਵਿਚ ਐਤਵਾਰ ਨੂੰ ਹੋਏ ਲੜੀਵਾਰ ਬੰਬ ਧਮਾਕਿਆਂ ਵਿਚ ਸੱਤ ਆਤਮਘਾਤੀ ਬੰਬਾਰਾਂ ਦੀ ਸ਼ਮੂਲੀਅਤ ਸਾਹਮਣੇ ਆਈ ਹੈ। ਰਾਜਧਾਨੀ ਕੋਲੰਬੋ ਦੇ ਗਿਰਜਾ ਘਰਾਂ ਤੇ ਲਗਜ਼ਰੀ ਹੋਟਲਾਂ ਵਿਚ ਈਸਟਰ ਮੌਕੇ ਹੋਏ ਧਮਾਕਿਆਂ ਵਿਚ ਮ੍ਰਿਤਕਾਂ ਦੀ ਗਿਣਤੀ 290 ਤੱਕ ਪਹੁੰਚ ਗਈ ਹੈ ਜਦਕਿ 500 ਹੋਰ ਜ਼ਖ਼ਮੀ ਹੋਏ ਹਨ। ਮ੍ਰਿਤਕਾਂ ਵਿਚ ਛੇ ਭਾਰਤੀ ਸ਼ਾਮਲ ਹਨ। ਮੁਲਕ ਵਿਚ ਸੋਮਵਾਰ ਰਾਤ ਤੋਂ ਐਮਰਜੈਂਸੀ ਲਾਉਣ ਦਾ ਐਲਾਨ ਕੀਤਾ ਗਿਆ ਹੈ। ਸਰਕਾਰ ਨੇ ਬੰਬਾਰਾਂ ਦੇ ਕਿਸੇ ਕੌਮਾਂਤਰੀ ਨੈੱਟਵਰਕ ਨਾਲ ਜੁੜਨ ਹੋਣ ਬਾਰੇ ਕਿਹਾ ਹੈ। ਸੇਂਟ ਐਂਥਨੀ, ਸੇਂਟ ਸੇਬੈਸਟੀਅਨ ਤੇ ਜ਼ਿਓਨ ਗਿਰਜਾ ਘਰਾਂ, ਸ਼ਾਂਗਰੀ-ਲਾ, ਸਿਨੈਮਨ ਗਰੈਂਡ ਤੇ ਕਿੰਗਜ਼ਬਰੀ ਹੋਟਲਾਂ ਵਿਚ ਹੋਏ ਇਨ੍ਹਾਂ ਧਮਾਕਿਆਂ ਦੀ ਹਾਲੇ ਕਿਸੇ ਵੀ ਸਮੂਹ ਨੇ ਜ਼ਿੰਮੇਵਾਰੀ ਨਹੀਂ ਲਈ ਹੈ। ਪੁਲੀਸ ਨੇ 24 ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਹੋਟਲਾਂ ਵਿਚ ਹਮਲੇ ਲਈ ਧਮਾਕਾਖੇਜ਼ ਸਮੱਗਰੀ ਵੈਨ ਵਿਚ ਲੱਦ ਕੇ ਲਿਆਉਣ ਵਾਲੇ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਮੀਡੀਆ ਰਿਪੋਰਟ ਮੁਤਾਬਕ ਇਕ ਕੱਟੜ ਮੁਸਲਿਮ ਗਰੁੱਪ-ਨੈਸ਼ਨਲ ਤੌਹੀਦ ਜਮਾਤ ਵੱਲੋਂ ਗਿਰਜਾ ਘਰਾਂ 'ਤੇ ਹਮਲਾ ਕਰਨ ਬਾਰੇ ਖ਼ੁਫੀਆ ਏਜੰਸੀਆ ਨੂੰ ਜਾਣਕਾਰੀ ਸੀ। ਪ੍ਰਧਾਨ ਮੰਤਰੀ ਰਨਿਲ ਵਿਕਰਮਾਸਿੰਘੇ ਨੇ ਕਿਹਾ ਕਿ ਖ਼ੁਫੀਆ ਰਿਪੋਰਟ ਨੂੰ ਗੰਭੀਰਤਾ ਨਾਲ ਨਾ ਲੈਣ ਦੇ ਮਾਮਲੇ ਦੀ ਜਾਂਚ ਕੀਤੀ ਜਾਵੇਗੀ। ਰਾਸ਼ਟਰਪਤੀ ਮੈਤਰੀਪਲਾ ਸ੍ਰੀਸੇਨਾ ਨੇ ਜਾਂਚ ਲਈ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ। ਕੋਲੰਬੋ ਕੌਮਾਂਤਰੀ ਹਵਾਈ ਅੱਡੇ ਨੇੜਿਓਂ ਵੀ ਧਮਾਕਾਖੇਜ਼ ਸਮੱਗਰੀ ਬਰਾਮਦ ਹੋਈ ਹੈ। ਸ੍ਰੀਲੰਕਾ ਵਿਚ ਸੋਮਵਾਰ ਨੂੰ ਕਰਫ਼ਿਊ ਹਟਾ ਲਿਆ ਗਿਆ।



# ਭਾਰਤ ਸਭ ਤੋਂ ਵੱਧ ਟੈਕਸ ਨਹੀ ਲਾਉਂਦਾ: ਵਪਾਰ ਮਾਹਿਰ

ਨਵੀਂ ਦਿੱਲੀ- ਕੌਮਾਂਤਰੀ ਵਪਾਰ ਮਾਹਰਾਂ ਦਾ ਕਹਿਣਾ ਹੈ ਕਿ ਭਾਰਤ ਟੈਕਸ ਲਗਾਉਣ ਦੇ ਮਾਮਲੇ 'ਚ ਰਾਜਾ ਨਹੀਂ ਹੈ ਅਤੇ ਉਸ ਕੋਲ ਖੇਤੀ ਵਰਗੇ ਖੇਤਰਾਂ ਦੇ ਹਿੱਤਾਂ ਦੀ ਰਾਖੀ ਲਈ ਢੁੱਕਵੇਂ ਕਦਮ ਚੁੱਕਣ ਲਈ ਪੂਰੇ ਅਧਿਕਾਰ ਹਨ। ਮਾਹਿਰਾਂ ਨੇ ਅਮਰੀਕਾ ਦੇ ਦੋਸ਼ਾਂ ਨੂੰ ਖਾਰਜ ਕਰ ਦਿੱਤਾ ਹੈ ਕਿ ਭਾਰਤ ਵਸਤਾਂ ਦੀ ਦਰਾਮਦ 'ਤੇ ਸਭ ਤੋਂ ਵੱਧ ਟੈਕਸ ਲਗਾਉਂਦਾ ਹੈ।

ਉਨ੍ਹਾਂ ਕਿਹਾ ਕਿ ਜਪਾਨ, ਦੱਖਣੀ ਕੋਰੀਆ, ਯੋਰਪ ਯੂਨੀਅਨ ਅਤੇ ਅਮਰੀਕਾ ਸਮੇਤ ਕਈ ਵਿਕਸਤ ਦੇਸ਼ ਤੇ ਖੇਤਰ ਮੁੱਖ ਤੌਰ 'ਤੇ ਖੇਤੀ ਉਤਪਾਦਾਂ 'ਤੇ ਬਹੁਤ ਟੈਕਸ ਲਗਾਉਂਦੇ ਹਨ। ਜ਼ਿਕਰਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਕਈ ਮੌਕਿਆਂ 'ਤੇ ਭਾਰਤ ਨੂੰ ਟੈਕਸ ਲਗਾਉਣ ਦੇ ਮਾਮਲੇ 'ਚ ਰਾਜਾ ਕਰਾਰ ਦੇ ਚੁੱਕੇ ਹਨ। ਉਨ੍ਹਾਂ ਅਨੁਸਾਰ ਅਮਰੀਕੀ ਵਸਤਾਂ 'ਤੇ ਬਹੁਤ ਜ਼ਿਆਦਾ ਟੈਕਸ ਲਗਾਇਆ ਜਾਂਦਾ ਹੈ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ 'ਚ ਅਰਥ ਸ਼ਾਸਤਰ ਦੇ ਪ੍ਰੋਫੈਸਰ ਵਿਸ਼ਵਜੀਤ ਧਰ ਨੇ ਕਿਹਾ ਕਿ ਅਮਰੀਕਾ ਦੇ ਦੋਸ਼ ਪੂਰੀ ਤਰ੍ਹਾਂ ਬੇਬੁਨਿਆਦ ਹਨ। ਧਰ ਨੇ ਕਿਹਾ, 'ਅਸਲ 'ਚ ਕਈ ਉਤਪਾਦਾਂ 'ਤੇ ਅਮਰੀਕਾ ਦੇ ਦਰਾਮਦ ਟੈਕਸ ਬਹੁਤ ਜ਼ਿਆਦਾ ਹਨ ਜਿਵੇਂ ਉਹ ਤੰਬਾਕੂ 'ਤੇ 350 ਫੀਸਦ ਅਤੇ ਮੂੰਗਫਲੀ 'ਤੇ 164 ਫੀਸਦ ਟੈਕਸ ਲੈਂਦਾ ਹੈ।

ਉਹ ਵੀ ਬਹੁਤ ਜ਼ਿਆਦਾ ਟੈਕਸ ਲੈਂਦੇ ਹਨ।' ਭਾਰਤੀ ਵਿਦੇਸ਼ ਵਪਾਰ ਸੰਸਥਾ (ਆਈਆਈਐਫਟੀ) ਦੇ ਪ੍ਰੋਫੈਸਰ ਰਾਕੇਸ਼ ਮੋਹਨ ਜੋਸ਼ੀ ਨੇ ਵੀ ਕੁਝ ਇਸੇ ਤਰ੍ਹਾਂ ਦੀ ਰਾਏ ਪੇਸ਼ ਕੀਤੀ ਹੈ। ਉਨ੍ਹਾਂ ਕਿਹਾ ਅਮਰੀਕਾ ਦੇ ਦੋਸ਼ ਸਹੀ ਨਹੀਂ ਹਨ ਅਤੇ ਵਿਕਸਤ ਦੇਸ਼ ਹੋਣ ਕਾਰਨ ਉਸ ਨੂੰ ਆਪਣੇ ਟੈਕਸ ਢਾਂਚੇ ਨੂੰ ਵੱਧ ਤਰਕਸੰਗਤ ਬਣਾਉਣਾ ਚਾਹੀਦਾ ਹੈ।

Postal Address of Desh Doaba : 5101 Doe Hollow Pl, Antelope, CA. 95843

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਜਰਖੜ ਖੇਡਾਂ - 9ਵਾਂ ਓਲੰਪੀਅਨ ਪ੍ਰਿਥੀਪਾਲ ਸਿੰਘ ਮਾਸਟਰ ਹਾਕੀ ਫੈਸਟੀਵਲ 4 ਮਈ ਤੋਂ

## ਸੀਨੀਅਰ, ਜੂਨੀਅਰ ਅਤੇ ਸਬ-ਜੂਨੀਅਰ ਵਰਗ ਦੀਆਂ ਕੁੱਲ 20 ਟੀਮਾਂ ਲੈਣਗੀਆਂ ਹਿੱਸਾ, ਫ਼ਲੱਡ ਲਾਈਟਾਂ ਦੀ ਰੌਸ਼ਨੀ 'ਚ ਹੋਣਗੇ ਸਾਰੇ ਮੈਚ

**ਲੁਧਿਆਣਾ–** ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਵੱਲੋਂ 9ਵਾਂ ਓਲੰਪੀਅਨ ਪ੍ਰਿਥੀਪਾਲ ਸਿੰਘ ਮਾਸਟਰ ਹਾਕੀ ਫੈਸਟੀਵਲ 4 ਮਈ ਤੋਂ 2 ਜੂਨ ਤੱਕ ਖੇਡ ਕੰਪਲੈਕਸ ਜਰਖੜ ਵਿਖੇ ਹੋਵੇਗਾ। ਇਸ ਟੂਰਨਾਮੈਂਟ ਵਿਚ ਸੀਨੀਅਰ ਵਰਗ ਵਿਚ (35 ਸਾਲ ਤੋਂ ਉੱਪਰ) ਦੀਆਂ 8 ਟੀਮਾਂ ਅਤੇ ਜੂਨੀਅਰ ਵਰਗ ਅੰਡਰ 17 'ਚ 8 ਟੀਮਾਂ ਤੇ ਹਾਕੀ ਨੂੰ ਅਪਗ੍ਰੇਡਿੰਗ ਕਰਨ ਲਈ ਅੰਡਰ–10 ਸਾਲ ਵਰਗ 'ਚ 4 ਟੀਮਾਂ ਹਿੱਸਾ ਲੈਣਗੀਆਂ। ਟਰੱਸਟ ਦੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ, ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਅਕੈਡਮੀ ਦੇ ਪ੍ਰਧਾਨ ਪਰਮਜੀਤ ਸਿੰਘ ਨੀਟੂ ਨੇ ਦੱਸਿਆ ਕਿ ਓਲੰਪੀਅਨ ਪ੍ਰਿਥੀਪਾਲ ਹਾਕੀ ਫੈਸਟੀਵਲ ਦੇ ਸਾਰੇ ਮੈਚ ਹਫਤਾਵਰੀ ਸ਼ਨਿਚਰਵਾਰ ਅਤੇ ਐਤਵਾਰ ਨੂੰ ਫਲੱਡ ਲਾਈਟਾਂ ਦੀ ਰੌਸ਼ਨੀ ਵਿਚ ਹੋਣਗੇ। ਸੀਨੀਅਰ ਵਰਗ 'ਚ ਪਿਛਲੇ ਸਾਲ ਦੀ ਚੈਂਪੀਅਨ ਹਰਪਾਲ ਕਲੱਬ ਕਿਲ੍ਹਾ ਰਾਏਪੁਰ, ਉਪਜੇਤੂ ਨੀਟੂ ਕਲੱਬ ਰਾਮਪੁਰ, ਸ਼ਹੀਦ ਊਧਮ ਸਿੰਘ ਕਲੱਬ ਸੁਨਾਮ, ਫਰਿਜ਼ਨੋ ਫੀਲਡ ਹਾਕੀ ਕਲੱਬ, ਅਕਾਲਗੜ੍ਹ ਇਲੈਵਨ, ਸ਼ੇਰੇ ਪੰਜਾਬ ਸੁਲਤਾਨਪੁਰ, ਅਜ਼ਾਦ ਕਲੱਬ ਹਠੂਰ, ਯੰਗ ਕਲੱਬ ਓਟਾਲਾਂ ਆਦਿ ਟੀਮਾਂ ਨੇ ਖੇਡਣ ਦੀ ਪੁਸ਼ਟੀ ਕਰ ਦਿੱਤੀ ਹੈ, ਜਦਕਿ 2 ਹੋਰ ਟੀਮਾਂ ਨੂੰ ਐਂਟਰੀ ਦਿੱਤੀ ਜਾਏਗੀ।

ਜੂਨੀਅਰ ਵਰਗ 'ਚ ਹਾਕੀ ਸੈਂਟਰ ਰਾਮਪੁਰ, ਜਰਖੜ ਹਾਕੀ ਅਕੈਡਮੀ, ਕਿਲ੍ਹਾ ਰਾਏਪੁਰ ਹਾਕੀ ਸੈਂਟਰ, ਬਹਾਦਰਗੜ੍ਹ, ਘਵੱਦੀ ਸਕੂਲ, ਸੰਤ ਫਤਹਿ ਸਿੰਘ ਅਕੈਡਮੀ ਢੋਲਣ, ਲੁਧਿਆਣਾ ਸੈਂਟਰ, ਅਮਰਗੜ੍ਹ ਹਾਕੀ ਸੈਂਟਰ ਸੰਗਰੂਰ ਆਦਿ ਟੀਮਾਂ ਹਿੱਸਾ ਲੈਣਗੀਆਂ। ਇਸ ਟੂਰਨਾਮੈਂਟ ਦਾ ਮੁੱਖ ਮਕਸਦ ਸੀਨੀਅਰ ਖਿਡਾਰੀਆਂ ਨੂੰ ਹਾਕੀ ਦੇ




ਨਾਲ ਜੋੜੀ ਰੱਖਣਾ ਅਤੇ ਜੂਨੀਅਰ ਖਿਡਾਰੀਆਂ ਨੂੰ ਹਾਕੀ ਪ੍ਰਤੀ ਉਤਸ਼ਾਹਿਤ ਕਰਨਾ ਹੈ। 4 ਮਈ ਨੂੰ ਟੂਰਨਾਮੈਂਟ ਦਾ ਉਦਘਾਟਨ ਉੱਘੇ ਸਮਾਜਸੇਵੀ ਭਾਈ ਭੁਪਿੰਦਰ ਸਿੰਘ ਬਾਬਾ ਭਿੰਦਾ ਕਾਰ ਸੇਵਾ ਵਾਲੇ ਅਤੇ ਓਲੰਪੀਅਨ ਗੁਰਬਾਜ ਸਿੰਘ ਕਰਨਗੇ। ਇਸ ਮੌਕੇ ਪੰਜਾਬ ਦੀ ਕੌਮੀ ਚੈਂਪੀਅਨ ਬਣੀ ਸੀਨੀਅਰ ਬਾਸਕਟਬਾਲ ਟੀਮ ਨੂੰ 12 ਸਾਈਕਲਾਂ ਤੇ ਵੱਖ–ਵੱਖ ਐਵਾਰਡਾਂ ਨਾਲ ਸਨਮਾਨਤ ਕੀਤਾ ਜਾਏਗਾ। ਇਸ ਤੋਂ ਇਲਾਵਾ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਜਾਣਗੇ ਜਿਸ ਉਪਰੰਤ ਹਾਕੀ ਲੀਗ ਦੀ ਸ਼ੁਰੂਆਤ ਹੋਵੇਗੀ। ਇਸ ਸਾਰੇ ਮੈਚ ਹਫ਼ਤਾਵਰੀ ਮੈਚਾਂ 'ਚ ਸ਼ਾਮ 6 ਵਜੇ ਤੋਂ ਰਾਤ 9 ਵਜੇ ਤੱਕ ਖੇਡੇ ਜਾਣਗੇ। ਜਿੰਨ੍ਹਾਂ 'ਚ ਪਹਿਲੇ ਗੇੜ ਦੇ ਮੈਚ 4 ਤੇ 5 ਮਈ ਨੂੰ ਫਿਰ 11 ਤੇ 12 ਮਈ ਨੂੰ, ਫਿਰ 20 ਮਈ, 25 ਤੇ 26 ਮਈ ਨੂੰ, ਕੁਆਟਰਫਾਈਨਲ ਮੁਕਾਬਲੇ 30 ਮਈ, ਸੈਮੀਫਾਈਨਲ ਮੁਕਾਬਲੇ 31 ਮਈ ਤੇ 1 ਜੂਨ, ਫਾਈਨਲ ਮੁਕਾਬਲੇ 2 ਜੂਨ ਨੂੰ ਹੋਣਗੇ। ਹਾਕੀ ਫੈਸਟੀਵਲ ਦੀ ਤਿਆਰੀਆਂ ਸਬੰਧੀ ਹੋਈ ਮੀਟਿੰਗ 'ਚ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ, ਸਰਪੰਚ ਦਪਿੰਦਰ ਸਿੰਘ ਡਿੰਪੀ, ਪ੍ਰਧਾਨ ਐਡਵੋਕੇਟ ਹਰਕਮਲ ਸਿੰਘ, ਸੰਦੀਪ ਸਿੰਘ ਪੰਧੇਰ, ਮਨਦੀਪ ਸਿੰਘ, ਸਰਪੰਚ ਬਲਵਿੰਦਰ ਸਿੰਘ ਮਹਿਮੂਦਪੁਰਾ, ਸੰਦੀਪ ਸਿੰਘ ਸੋਨੂ, ਰਜਿੰਦਰ ਸਿੰਘ ਰਾਜੂ ਜਰਖੜ, ਬਿੱਕਰ ਸਿੰਘ ਜਰਖੜ, ਯਾਦਵਿੰਦਰ ਸਿੰਘ ਤੂਰ, ਕੋਚ ਗੁਰਸਤਿੰਦਰ ਸਿੰਘ ਪਰਗਟ, ਸਾਹਿਬਜੀਤ ਸਿੰਘ ਸਾਬ੍ਹੀ, ਪਹਿਲਵਾਨ ਹਰਮੇਲ ਸਿੰਘ ਕਾਲਾ, ਡਾ. ਜਗਜੀਤ ਸਿੰਘ ਜਰਖੜ, ਸ਼ਿੰਗਾਰਾ ਸਿੰਘ ਜਰਖੜ, ਰਣਜੀਤ ਸਿੰਘ ਦੁਲੇਅ ਆਦਿ ਹੋਰ ਪ੍ਰਬੰਧਕ ਹਾਜ਼ਰ ਸਨ।

# District Bar Association Jalandhar celebrated 128th Birth Anniversary of Baba Saheb Dr Ambedkar

**Jalandhar-** District Bar Association Jalandhar has celebrated 128th Birth Anniversary of Baba Saheb Dr Ambedkar with great enthusiasm and Ferber at Old Library Hall of DBA Jalandhar . Floral tributes were paid to the Chief Architect of Indian constitution by Advocate Narinder Singh President, Advocate Sushil Mehta Secretary, Sourav Sharma Assistant Secretary, Amrinder Singh Thind Sr Vice president, Smt Gomati Bhagat Executive member of DBA Jalandhar. Advocate Narinder Singh said Dr BR Ambedkar fought against untouchability, indiscrimination and caste system



in India and tried to build a society based on Equality Liberty and ferternty. Dr Ambedkar was the Chief Architect of Indian constitution and our constitution is a wonderful document of Law in the



world and we should practice in life the teachings of Baba Saheb Dr Ambedkar. Advocate Mohan Lal Phillauria a story writer also spoke on the slogan given by Dr Ambedkar Educate Agitate and organise. He also expressed his anguish over the district administration for keeping the EVMs in the Ambedkar Bhavan Jalandhar. Advocate Sushil Mehta Secretary DBA Jalandhar assured Sh Phillauria that they will take up the matter with D C Jalandhar for maintaining the sanctity of Dr B R Ambedkar Bhavan Jalandhar.

Hundreds of advocates were present in the function and paid rich tributes to the great Leader. Advocate Hukam Chand (Rtd Sub Judge), Advocate HD Sampla, Narinder Sharma, Raju Ambedkari, RK Mehmi, Pritpal Singh, Hussan Lal, Jagjivan Lal, Dev Raj, Karan Gill, Darshan Singh Ex member Consumer Forum Jalandhar, Mrs Madhu Rachna, Mrs Parveen Kainth, Kiran Bala, Anju and Manju, Sushma and Sangeeta Rani Lady Advocates, Raj Kumar, Satnam Suman, Naresh Kumar and Advocate Pawan Virdee have made efforts to make the function a grand success. Sushil Mehta Secretary DBA Jalandhar conducted the stage in a beautiful manner. In the end Langar was served.

# ਚੋਣ ਕਮਿਸ਼ਨ ਵੱਲੋਂ ਸਿੱਧੂ ਦੇ ਪ੍ਰਚਾਰ ਕਰਨ 'ਤੇ ਪਾਬੰਦੀ

**ਨਵੀਂ ਦਿੱਲੀ–** ਪੰਜਾਬ ਦੇ ਕੈਬਨਿਟ ਮੰਤਰੀ ਅਤੇ ਕਾਂਗਰਸ ਆਗੂ ਨਵਜੋਤ ਸਿੰਘ ਸਿੱਧੂ 'ਤੇ ਕਾਰਵਾਈ ਕਰਦਿਆਂ ਚੋਣ ਕਮਿਸ਼ਨ ਨੇ ਪ੍ਰਚਾਰ ਕਰਨ 'ਤੇ 72 ਘੰਟਿਆਂ ਦੀ ਪਾਬੰਦੀ ਲਗਾ ਦਿੱਤੀ ਹੈ। ਉਸ 'ਤੇ ਫਿਰਕੂ ਬਿਆਨ ਦੇਣ ਦਾ ਦੋਸ਼ ਲੱਗਾ ਹੈ। ਜਾਣਕਾਰੀ ਅਨੁਸਾਰ ਸਿੱਧੂ ਵੱਲੋਂ ਕਟਿਹਾਰ 'ਚ ਮੁਸਲਮਾਨਾਂ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ਿਲਾਫ਼ ਡੱਟ ਕੇ ਵੋਟਾਂ ਪਾਉਣ ਦੀ ਅਪੀਲ 'ਤੇ ਚੋਣ ਕਮਿਸ਼ਨ ਨੇ



ਕਾਰਵਾਈ ਕੀਤੀ ਹੈ। ਸਿੱਧੂ ਖ਼ਿਲਾਫ਼ ਪਾਬੰਦੀ ਭਲਕੇ ਮੰਗਲਵਾਰ ਸਵੇਰੇ ਦਸ ਵਜੇ ਤੋਂ ਸ਼ੁਰੂ ਹੋ ਜਾਵੇਗੀ। ਸਿੱਧੂ ਨੇ 16 ਅਪਰੈਲ ਨੂੰ ਕਟਿਹਾਰ ਵਿੱਚ ਇਕ ਚੋਣ ਰੈਲੀ ਦੌਰਾਨ ਮੁਸਲਿਮ ਵੋਟਰਾਂ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ਿਲਾਫ਼ ਵੋਟ ਪਾਉਣ ਦਾ ਸੱਦਾ ਦੇ ਕੇ ਵਿਵਾਦ 'ਚ ਘਿਰ ਗਏ ਸਨ। ਉਸ ਸਮੇਂ ਉਹ ਸਾਬਕਾ ਕੇਂਦਰੀ ਮੰਤਰੀ ਤੇ ਕਾਂਗਰਸੀ ਆਗੂ ਤਾਰਿਕ ਅਨਵਰ ਦੇ ਹੱਕ ਵਿੱਚ ਪ੍ਰਚਾਰ ਕਰ ਰਹੇ ਸਨ।

# ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਸੈਕਰਾਮੈਂਟੋ ਯੂਬਾ ਸਿਟੀ ਵੱਲੋਂ ਸੈਕਰਾਮੈਂਟੋ ਵਿਖੇ ਅੰਤਰ ਰਾਸ਼ਟਰੀ ਕਾਨਫਰੰਸ

ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਸੈਕਰਾਮੈਂਟੋ ਯੂਬਾ ਸਿਟੀ ਵਲੋਂ 28 ਅਪ੍ਰੈਲ ਦਿਨ ਐਤਵਾਰ 2019 ਨੂੰ ਸੈਕਰਾਮੈਂਟੋ ਵਿਚ ਪੰਜਾਬੀ ਦੀ 19ਵੀਂ ਅੰਤਰਰਾਸ਼ਟਰੀ ਕਾਨਫਰੰਸ ਕਰਵਾਈ ਕਰਵਾਈ ਜਾ ਰਹੀ ਹੈ ਜਿਹੜੀ ਕਿ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਦਿਹਾੜੇ ਨੂੰ ਸਮਰਪਿਤ ਕੀਤੀ ਜਾਵੇਗੀ। ਇਸ ਕਾਨਫਰੰਸ ਵਿਚ ਸਾਰੇ ਸਾਹਿਤਕਾਰਾਂ ਨੂੰ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ ।

ਮੁੱਖ ਮਹਿਮਾਨ ਡਾਕਟਰ ਅਮਿਰਤ ਪਾਲ ਕੌਰ ਅਤੇ ਪ੍ਰੋ: ਸੁਹਿੰਦਰਬੀਰ ਸਿੰਘ ਹੋਣਗੇ। ਕਾਨਫਰੰਸ ਦੀ ਸ਼ੁਰੂਆਤ ਸਵੇਰੇ 9 ਵਜੇ ਤੋ ਸ਼ੁਰੂ ਹੋਕੇ ਸ਼ਾਮ ਸੱਤ ਵਜੇ ਸਮਾਪਤ ਹੋਵੇਗੀ । ਸਭ ਤੋਂ ਪਹਿਲਾਂ ਪਰਚੇ ਪੜੇ ਜਾਣਗੇ ਤੇ ਫਿਰ ਕਹਾਣੀ ਦਰਬਾਰ ਪਿੱਛੋਂ ਕਵੀ ਦਰਬਾਰ ਹੋਵੇਗਾ। ਚਾਹ ਪਾਣੀ ਅਤੇ ਖਾਣੇ ਦਾ ਪੂਰਾ ਪਰਬੰਧ ਕੀਤਾ ਗਿਆ ਹੈ।

**ਹਾਲ ਦਾ ਪਤਾ ਹੈ**

**ਲਕਸ਼ਮੀ ਨਰਾਇਣ ਮੰਦਿਰ, 7495 ਐਲਡਰ ਕਰੀਕ ਰੋਡ**

**ਸੈਕਰਾਮੈਂਟੋ ਕੈਲੀਫੋਰਨੀਆ**

**ਸੰਪਰਕ ਕਰੋ:**

ਪਰਧਾਨ ਜਸਵੰਤ ਜੱਸੀ ਸ਼ੀਮਾਰ 9162936030, ਵਾਈਸ ਪ੍ਰਧਾਨ ਹਰਭਜਨ ਸਿੰਘ ਢੇਰੀ 530 671 3278
ਸਕੱਤਰ ਪਰਮਿੰਦਰ ਰਾਏ ਕਾਰਖਾਨਾ 9168254141, ਖਜ਼ਾਨਚੀ ਮਨਜੀਤ ਕੌਰ ਸੇਖੋਂ 9166902379




BERKSHIRE HATHAWAY
Home Services
ELITE REAL ESTATE

Shangara Ram
Realtor CalBRE# 01969522

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ
ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ–ਵੇਚ,
ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;

Cell: 916-479-5587, Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828

# ਕਿਰਪਾਲ ਸਿੰਘ ਕਸੇਲ ਅਤੇ ਹਰਮਨਦੀਪ ਤਿਓਣਾ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸ਼ਰਧਾਂਜਲੀ

**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਨੇ ਅੱਜ ਸ਼ੋਕ ਸਭਾ 'ਚ ਉੱਘੇ ਲੇਖਕ ਕਿਰਪਾਲ ਸਿੰਘ ਕਸੇਲ (ਅੰਮ੍ਰਿਤਸਰ) ਅਤੇ ਨੌਜਵਾਨ ਵਿਦਿਆਰਥੀ ਹਰਮਨਦੀਪ ਤਿਓਣਾ (ਤਲਵੰਡੀ ਸਾਬੋ) ਨੂੰ ਭਾਵ-ਭਿੰਨੀ ਸ਼ਰਧਾਂਜਲੀ ਦਿੱਤੀ।

ਦੇਸ਼ ਭਗਤ ਕਮੇਟੀ ਦੇ ਆਗੂਆਂ ਨੇ ਕਿਰਪਾਲ ਕਸੇਲ ਨੂੰ ਯਾਦ ਕਰਦਿਆਂ ਦੱਸਿਆ ਕਿ ਉਹ ਵਿਦਿਆਰਥੀ ਜੀਵਨ ਤੋਂ ਹੀ ਦੇਸ਼ ਭਗਤ ਇਨਕਲਾਬੀ ਵਿਚਾਰਾਂ ਨਾਲ ਜੁੜੇ ਰਹੇ। ਉਹਨਾਂ ਨੇ ਨਾਮਧਾਰੀ ਲਹਿਰ, ਪ੍ਰੋ. ਪੂਰਨ ਸਿੰਘ, 'ਗ਼ਦਰ ਲਹਿਰ ਦੀ ਵਾਰਤਕ', ਗ਼ਦਰੀ ਬਾਬੇ (ਜੀਵਨੀਆਂ) ਸਮੇਤ ਵਡਮੁੱਲੇ ਸਾਹਿਤ ਦੀ ਸਿਰਜਣਾ ਕੀਤੀ। ਬਚਪਨ ਵਿੱਚ ਹੀ ਉਹਨਾਂ ਨੇ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਅੰਮ੍ਰਿਤਸਰ ਦੇ ਦਫ਼ਤਰ 'ਚ ਗ਼ਦਰੀ ਦੇਸ਼ ਭਗਤਾਂ 'ਤੋਂ ਆਜ਼ਾਦੀ ਤਵਾਰੀਖ਼ ਬਾਰੇ ਗਹਿਰਾ ਅਨੁਭਵ ਗ੍ਰਹਿਣ ਕੀਤਾ। ਉਹ ਲਗਾਤਾਰ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਦੀਆਂ ਸਰਗਰਮੀਆਂ ਨਾਲ ਜੁੜੇ ਰਹੇ।

ਬੁਲਾਰਿਆਂ ਨੇ ਕਿਹਾ ਕਿ ਹਰਮਨਦੀਪ ਤਿਓਣਾ ਨੇ ਗਰੀਬ ਦਲਿਤ ਪਰਿਵਾਰ ਨੂੰ ਦਰਪੇਸ਼ ਅਨੇਕਾਂ ਮੁਸ਼ਕਲਾਂ ਦੇ ਤੰਦੂਰ 'ਚ ਤਪਦਿਆਂ ਐਮ.ਏ. ਅੰਗਰੇਜ਼ੀ ਕੀਤੀ। 'ਆਜ਼ਾਦੀ ਮੇਰਾ ਬਰਾਂਡ' ਵਰਗੀਆਂ ਪੁਸਤਕਾਂ ਦੇ ਅਨੁਵਾਦ 'ਚ ਯੋਗਦਾਨ ਪਾਇਆ। ਉਹ ਹਰ ਵਰ੍ਹੇ ਗ਼ਦਰੀ ਬਾਬਿਆਂ ਦੇ ਮੇਲੇ ਅਤੇ ਸਿਖਿਆਰਥੀ ਚੇਤਨਾ ਕੈਂਪ 'ਚ ਸ਼ਿਰਕਤ ਕਰਦਾ ਰਿਹਾ। ਉਹ ਸਿਹਤਮੰਦ, ਤਰਕਸ਼ੀਲ ਵਿਗਿਆਨਕ, ਦੇਸ਼ ਭਗਤੀ ਅਤੇ ਦਲਿਤ ਸੁਆਲਾਂ ਨਾਲ ਜੁੜਿਆ ਸਾਹਿਤ ਪਾਠਕਾਂ ਤੱਕ ਪਹੁੰਚਾਉਣ ਲਈ ਵਿਸ਼ੇਸ਼ ਉੱਦਮ ਕਰਦਾ ਰਿਹਾ।

ਬੀਤੇ ਦਿਨੀਂ ਉਸਦਾ ਆਤਮ ਹੱਤਿਆ ਕਰ ਜਾਣਾ ਬਹੁਤ ਵੱਡੇ ਸੁਆਲ ਖੜ੍ਹੇ ਕਰ ਗਿਆ ਹੈ ਕਿ ਹਨੇਰਾ ਕਿੰਨਾ ਮੂੰਹ ਜ਼ੋਰ ਹੋ ਗਿਆ ਹੈ ਜੋ ਸਮਾਜ ਅੰਦਰ ਚਾਨਣ ਵੰਡਦੇ ਲੋਕਾਂ ਨੂੰ ਵੀ ਨਿਗਲ ਰਿਹਾ ਹੈ।

ਕਮੇਟੀ ਨੇ ਜ਼ੋਰ ਦੇ ਕੇ ਕਿਹਾ ਕਿ ਨੌਜਵਾਨਾਂ, ਕਿਸਾਨਾਂ, ਮਜ਼ਦੂਰਾਂ ਅਤੇ ਸਮੂਹ ਮਿਹਨਤਕਸ਼ਾਂ ਨੂੰ ਖ਼ੁਦਕੁਸ਼ੀ ਕਰਨ ਦੀ ਬਜਾਏ ਆਪਣੇ ਗ਼ਦਰੀ ਦੇਸ਼ ਭਗਤਾਂ ਦੇ ਦਰਸਾਏ ਇਨਕਲਾਬ ਦੇ ਮਾਰਗ ਤੇ ਡਟਕੇ ਅੱਗੇ ਆਉਣਾ ਚਾਹੀਦਾ ਹੈ। ਸ਼ੋਕ ਸਭਾ ਨੂੰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ, ਮੀਤ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਡਾ. ਪਰਮਿੰਦਰ ਸਿੰਘ, ਖਜ਼ਾਨਚੀ ਰਣਜੀਤ ਸਿੰਘ ਔਲਖ, ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਮੇਟੀ ਮੈਂਬਰ ਨੌਨਿਹਾਲ ਸਿੰਘ, ਚਰੰਜੀ ਲਾਲ ਕੰਗਣੀਵਾਲ, ਦੇਵ ਰਾਜ ਨਯੀਅਰ ਨੇ ਸੰਬੋਧਨ ਕੀਤਾ।

ਜ਼ਿਕਰਯੋਗ ਹੈ ਕਿ ਕਿਰਪਾਲ ਕਸੇਲ ਦੀ ਯਾਦ 'ਚ ਮੋਤੀ ਬਾਗ਼ ਪਟਿਆਲਾ ਵਿਖੇ 21 ਅਪ੍ਰੈਲ ਅਤੇ ਹਰਮਨਦੀਪ ਤਿਓਣਾ ਦੀ ਯਾਦ 'ਚ ਪਿੰਡ ਤਿਓਣਾ (ਤਲਵੰਡੀ ਸਾਬੋ) ਵਿਖੇ 23 ਅਪ੍ਰੈਲ ਦਿਨ ਮੰਗਲਵਾਰ ਨੂੰ ਸ਼ਰਧਾਂਜਲੀ ਸਮਾਗਮ ਹੋ ਰਹੇ ਹਨ।

# ਕਾਂਸ਼ੀਰਾਮ ਨੂੰ ਸੱਚੀ ਸ਼ਰਧਾਂਜਲੀ ਚੋਣਾਂ ਵਿਚ ਚੰਗੇ ਨਤੀਜੇ: ਮਾਇਆਵਤੀ

**ਨਵੀਂ ਦਿੱਲੀ–** ਬਸਪਾ ਪ੍ਰਧਾਨ ਮਾਇਆਵਤੀ ਨੇ ਸ਼ੁੱਕਰਵਾਰ ਨੂੰ ਪਾਰਟੀ ਦੇ ਸੂਬਾਈ ਦਫਤਰ ਵਿਚ ਸਾਹਿਬ ਕਾਂਸ਼ੀ ਰਾਮ ਜੀ ਦੇ ਜਨਮ ਦਿਨ ਮੌਕੇ ਤਸਵੀਰ ਤੇ ਫੁੱਲ ਮਾਲਾ ਭੇਂਟ ਕਰਕੇ ਸ਼ਰਧਾਂਜਲੀ ਦਿੱਤੀ। ਉਹਨਾਂ ਕਿਹਾ ਕਿ ਦਮਦਾਰੀ ਨਾਲ ਆਮ ਚੋਣਾਂ ਲੜ ਕੇ ਬਿਹਤਰ ਨਤੀਜੇ ਦੇਣਾ ਹੀ ਕਾਂਸ਼ੀਰਾਮ ਦੇ ਪ੍ਰਤੀ ਸੱਚੀ ਸ਼ਰਧਾਂਜਲੀ ਹਵੇਗੀ। ਬਸਪਾ ਵਰਕਰਾਂ ਤੋਂ ਪੂਰੀ ਉਮੀਦ ਹੈ ਕਿ ਉਹ ਅਜਿਹਾ ਕਰ ਦਿਖਾਉਣਗੇ। ਸਾਹਿਬ ਸ੍ਰੀ ਕਾਂਸ਼ੀ ਰਾਮ ਦੀ ਬਰਸੀ ਦੇ ਮੌਕੇ 'ਤੇ ਮਾਇਆਵਤੀ ਨੇ ਉਹਨਾਂ ਨੂੰ ਪ੍ਰਣਾਮ ਕੀਤਾ। ਉਹਨਾਂ ਕਿਹਾ ਕਿ ਡਾ. ਭੀਮਰਾਓ ਅੰਬੇਡਕਰ ਦੇ ਨਿਰਵਾਣ ਤੋਂ ਬਾਅਦ ਬਿਖਰੇ ਪਏ ਉਹਨਾਂ ਦੇ ਕਾਰਵੇਂ ਨੂੰ ਬਾਮਸੇਫ, ਡੀ. ਐਸ-ਫੋਰ ਅਤੇ ਬਸਪਾ ਦੇ ਜ਼ਰੀਏ ਕਾਂਸ਼ੀਰਾਮ ਨੇ ਜਿੰਦਾ ਕੀਤਾ ਸੀ, ਇਸ ਵਰਗ ਨੂੰ ਦੇਸ਼ ਦੀ ਰਾਜਨੀਤੀ ਵਿਚ ਸਲਮਾਨ ਦਿਵਾਉਣ ਦਾ ਕੰਮ ਕੀਤਾ ਸੀ। ਸ੍ਰੀ ਕਾਂਸ਼ੀ ਰਾਮ ਅਨਮੋਲ ਰਤਨ ਸਨ। ਮਾਇਆਵਤੀ ਨੇ ਕਿਹਾ ਕਿ ਯੂ. ਪੀ. ਵਿਚ ਬਣੀਆਂ ਬਸਪਾ ਦੀਆਂ ਸਰਕਾਰਾਂ ਵਿਚ ਇਹਨਾਂ ਮਹਾਂਪੁਰਸ਼ਾਂ ਦੇ ਨਾਲ ਹੀ ਦਲਿਤ ਅਤੇ ਹੋਰ ਪੱਛੜੇ ਵਰਗ ਵਿਚ ਜਨਮੇ ਮਹਾਨ ਸੰਤਾਂ, ਗੁਰੂਆਂ ਅਤੇ ਮਹਾਂਪੁਰਸ਼ਾਂ ਨੂੰ ਵੀ ਭਰਪੂਰ ਆਦਰ-ਸਨਮਾਨ ਦਿੱਤਾ। ਸਮਾਜਿਕ ਤਬਦੀਲੀ ਅਤੇ ਸਮਾਨਤਾ ਵਾਲਾ ਸਮਾਜ ਬਣਾਉਣ ਵਿਚ ਇਹਨਾਂ ਮਹਾਂਪੁਰਸ਼ਾਂ ਦੇ ਸੰਘਰਸ਼ ਅਤੇ ਬਲੀਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। ਬਸਪਾ ਨੇ ਕੋਈ ਜਨਤਕ ਪ੍ਰੋਗਰਾਮ ਬਰਸੀ ਮਨਾਉਣ ਲਈ ਚੋਣਾਂ ਕਾਰਨ ਨਹੀਂ ਕੀਤਾ।



# ਡਾ. ਰਾਜਕੁਮਾਰ ਚੱਬੇਵਾਲ ਨੂੰ ਹਲਕੇ ਦੇ ਵੋਟਰਾਂ ਦਾ ਮਿਲ ਰਿਹਾ ਹੈ ਭਰਵਾਂ ਹੁੰਗਾਰਾ - ਜਸਵੀਰ ਜੋਨੀ

## ਸੱਬਾ ਪਲਾਹੀ ਨੇ ਦਿੱਤਾ ਭਾਰੀ ਲੀਡ ਦੁਆਉਣ ਦਾ ਭਰੋਸਾ

**ਫਗਵਾੜਾ (ਬੀ.ਕੇ.ਰੱਤੂ)–** ਆਲ ਇੰਡੀਆ ਕਾਂਗਰਸ ਕਮੇਟੀ ਐਸ.ਸੀ. ਡਿਪਾਰਟਮੈਂਟ ਵਲੋਂ ਹਲਕਾ ਲੋਕਸਭਾ ਹੁਸ਼ਿਆਰਪੁਰ ਲਈ ਨਿਯੁਕਤ ਕੀਤੇ ਕੋਆਰਡੀਨੇਟਰ ਜਸਵੀਰ ਜੋਨੀ ਅੱਜ ਕਾਂਗਰਸ ਘੱਟ ਗਿਣਤੀ ਵਿੰਗ ਦੇ ਸੀਨੀਅਰ ਆਗੂ ਸਰਬਰ ਗੁਲਾਮ ਸੱਬਾ ਦੇ ਦਫਤਰ ਵਿਖੇ ਪੁੱਜੇ। ਇਸ ਮੌਕੇ ਉਹਨਾਂ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਾਂਗਰਸੀ ਉਮੀਦਵਾਰ ਡਾ. ਰਾਜਕੁਮਾਰ ਚੱਬੇਵਾਲ ਦੀ ਚੋਣ ਮੁਹਿਮ ਜੰਗੀ ਪੱਧਰ ਤੇ ਅਰੰਭੀ ਜਾ ਚੁੱਕੀ ਹੈ ਅਤੇ ਵੋਟਰਾਂ ਦਾ ਉਹਨਾਂ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ।



ਹਲਕੇ ਦੇ ਕੁਲ 9 ਵਿਧਾਨਸਭਾ ਖੇਤਰਾਂ ਵਿਚ ਜੰਗੀ ਪੱਧਰ ਤੇ ਚੋਣ ਸਭਾਵਾਂ ਕੀਤੀਆਂ ਜਾ ਰਹੀਆਂ ਹਨ ਅਤੇ ਨਾਲ ਹੀ ਡੋਰ-ਟੂ-ਡੋਰ ਪ੍ਰਚਾਰ ਮੁਹਿਮ ਵੀ ਚਲਾਈ ਜਾ ਰਹੀ ਹੈ। ਉਹਨਾਂ ਦੱਸਿਆ ਕਿ ਚੋਣ ਪ੍ਰਚਾਰ ਮੁਹਿਮ ਦਾ ਮੁੱਖ ਕੇਂਦਰ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੀ ਦੋ ਸਾਲ ਦੀ ਵਧੀਆ ਕਾਰਗੁਜਾਰੀ ਅਤੇ ਕੇਂਦਰ ਦੀ ਮੋਦੀ ਸਰਕਾਰ ਵਲੋਂ ਲਏ ਗਏ ਲੋਕ ਵਿਰੋਧੀ ਫੈਸਲੇ ਹਨ ਜਿਹਨਾਂ ਨਾਲ ਹਰ ਵੋਟਰ ਨੂੰ ਜਾਣੂ ਕਰਵਾਇਆ ਜਾ ਰਿਹਾ ਹੈ।

ਉਹਨਾਂ ਦਾਅਵਾ ਕੀਤਾ ਕਿ ਇਸ ਵਾਰ ਹਲਕਾ ਲੋਕਸਭਾ ਹੁਸ਼ਿਆਰਪੁਰ ਸਮੇਤ ਪੂਰੇ ਪੰਜਾਬ ਦੀਆਂ ਕੁੱਲ 13 ਲੋਕਸਭਾ ਸੀਟਾਂ ਉਪਰ ਕਾਂਗਰਸ ਪਾਰਟੀ ਹੂੰਝਾ ਫੇਰ ਜਿੱਤ ਪ੍ਰਾਪਤ ਕਰੇਗੀ ਅਤੇ ਕੇਂਦਰ ਵਿਚ ਰਾਹੁਲ ਗਾਂਧੀ ਦੀ ਅਗਵਾਈ ਹੇਠ ਕਾਂਗਰਸ ਸਰਕਾਰ ਦੀ ਸ਼ਾਨਦਾਰ ਵਾਪਸੀ ਹੋਵੇਗੀ। ਇਸ ਮੌਕੇ ਸਰਬਰ ਗੁਲਾਮ ਸੱਬਾ ਤੋਂ ਇਲਾਵਾ ਪਾਸਟਰ ਸੁਰਜੀਤ ਕੁਮਾਰ, ਬਲਵਿੰਦਰ ਸਿੰਘ, ਰੁਪਿੰਦਰ ਸਿੰਘ, ਮੁਹੰਮਦ ਕਮਰੂਲ, ਤਰਸੇਮ ਲਾਲ, ਮੇਜਰ ਸਿੰਘ ਅਤੇ ਅਵਤਾਰ ਸਿੰਘ ਨੇ ਜਸਵੀਰ ਜੋਨੀ ਨੂੰ ਭਰੋਸਾ ਦਿੱਤਾ ਕਿ ਫਗਵਾੜਾ ਵਿਧਾਨਸਭਾ ਹਲਕੇ ਤੋਂ ਕਾਂਗਰਸੀ ਉਮੀਦਵਾਰ ਡਾ. ਰਾਜਕੁਮਾਰ ਚੱਬੇਵਾਲ ਨੂੰ ਇਤਿਹਾਸਕ ਲੀਡ ਦੁਆ ਕੇ ਉਹਨਾਂ ਦੀ ਜਿੱਤ ਯਕੀਨੀ ਬਣਾਈ ਜਾਵੇਗੀ।

# ਖਹਿਰਾ ਵੱਲੋਂ ਆਮ ਆਦਮੀ ਪਾਰਟੀ ਦੀ ਪੇਸ਼ਕਸ਼ ਰੱਦ

**ਤਰਨ ਤਾਰਨ–** ਪੰਜਾਬ ਏਕਤਾ ਪਾਰਟੀ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ ਪੰਜਾਬ ਡੈਮੋਕ੍ਰੈਟਿਕ ਅਲਾਇੰਸ (ਪੀਡੀਏ) ਦੀ ਉਮੀਦਵਾਰ ਪਰਮਜੀਤ ਕੌਰ ਖਾਲੜਾ ਨੂੰ ਆਜ਼ਾਦ ਉਮੀਦਵਾਰ ਦੇ ਤੌਰ 'ਤੇ ਚੋਣ ਲੜਾਉਣ ਤੇ ਆਮ ਆਦਮੀ ਪਾਰਟੀ (ਆਪ) ਵਲੋਂ ਹਮਾਇਤ ਦੇਣ ਦੀ ਕੀਤੀ ਪੇਸ਼ਕਸ ਨੂੰ ਮੂਲੋਂ ਹੀ ਰੱਦ ਕਰਦਿਆਂ 'ਆਪ' ਦੀ ਹਮਾਇਤ ਲੈਣ ਤੋਂ ਸਪਸ਼ਟ ਇਨਕਾਰ ਕੀਤਾ ਹੈ। ਸ੍ਰੀ ਖਹਿਰਾ ਨੇ ਅਜਿਹੇ ਵਿਚਾਰ ਇੱਥੇ ਮੀਡੀਆ ਨਾਲ ਖੁੱਲ੍ਹੀ ਗੱਲਬਾਤ ਕਰਦਿਆਂ ਪੇਸ਼ ਕੀਤੇ। ਉਨ੍ਹਾਂ ਸੂਬੇ ਅੰਦਰ ਸਾਰੀਆਂ 13 ਲੋਕ ਸਭਾ ਸੀਟਾਂ 'ਤੇ ਤਿਕੋਣੇ ਮੁਕਾਬਲੇ ਹੋਣ ਦੀ ਗੱਲ ਆਖੀ। ਉਨ੍ਹਾਂ ਕਿਹਾ ਕਿ ਇਹ ਮੁਕਾਬਲੇ ਕਾਂਗਰਸ ਪਾਰਟੀ, ਸ਼੍ਰੋਮਣੀ ਅਕਾਲੀ ਦਲ ਤੇ ਪੰਜਾਬ ਡੈਮੋਕ੍ਰੈਟਿਕ ਅਲਾਇੰਸ ਦੇ ਉਮੀਦਵਾਰਾਂ ਦਰਮਿਆਨ ਹੋਣਗੇ ਤੇ 'ਆਪ' ਇਨ੍ਹਾਂ ਮੁਕਾਬਲਿਆਂ ਤੋਂ ਬਾਹਰ ਹੋ ਗਈ ਹੈ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਅਪ੍ਰੈਲ ਮਹੀਨੇ ਹੋਣ ਵਾਲੇ ਪ੍ਰੋਗਰਾਮ

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਗੁਰੂ ਘਰ ਦੇ ਬੜੇ ਸ਼ਰਧਾਲੂ ਪਰਿਵਾਰ, ਬਾਸੀ ਪਰਿਵਾਰ, ਸਹੋਤਾ ਪਰਿਵਾਰ, ਕੰਧੋਲਾ ਪਰਿਵਾਰਾਂ ਵੱਲੋਂ ਸਾਲਾਨਾ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਮਿਤੀ 26, 27, 28 ਅਪ੍ਰੈਲ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਕਰਵਾਏ ਜਾ ਰਹੇ ਹਨ ਜੀ।

**26 ਅਪ੍ਰੈਲ 2019 ਦਿਨ ਸ਼ੁੱਕਰਵਾਰ**
**ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ**
**28 ਅਪ੍ਰੈਲ 2019 ਦਿਨ ਐਤਵਾਰ**
**ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ**

ਗੁਰੂ ਘਰ 530-674-2564
ਸ੍ਰੀ ਦਲਵਿੰਦਰ ਰੱਲ੍ਹ (ਪ੍ਰਧਾਨ) 530-933-3938
ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ (ਜਨਰਲ ਸੈਕਟਰੀ) 530-713-1823
ਸ੍ਰੀ ਪ੍ਰਸ਼ੋਤਮ ਸੂਦ (ਚੇਅਰਮੈਨ) 530-845-4508
ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ) 530-682-3612

**SHRI GURU RAVIDASS TEMPLE**
**1480 HAYNE AVENUE, YUBA CITY, CA 95993**

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਰੋਜ਼ਵਿਲ ਵਿਖੇ ਗੁਰਮਤਿ ਸਮਾਗਮ ਅਤੇ ਨਵੀਂ ਇਮਾਰਤ ਦਾ ਨੀਂਹ ਪੱਥਰ 12 ਮਈ ਨੂੰ ਰੱਖਿਆ ਜਾਵੇਗਾ



**ਰੋਜ਼ਵਿਲ–** ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਰੋਜ਼ਵਿਲ ਵਿਖੇ ਗਿਆਰਵਾਂ ਸਾਲਾਨਾ ਗੁਰਮਤਿ ਸਮਾਗਮ ਅਤੇ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ 12 ਮਈ ਨੂੰ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧ ਵਿਚ 10 ਮਈ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ, ਜਿਹਨਾਂ ਦੇ ਭੋਗ 12 ਮਈ ਨੂੰ ਸਵੇਰੇ 10 ਵਜੇ ਪੈਣਗੇ।

ਇਸ ਸਮਾਗਮ ਵਿਚ ਪੰਥ ਦੇ ਮਹਾਨ ਕਥਾਵਾਚਕ ਭਾਈ ਪਿੰਦਰਪਾਲ ਸਿੰਘ ਜੀ ਅਤੇ ਭਾਈ ਅਨੂਪ ਸਿੰਘ ਜੀ ਊਨਾ ਸਾਹਿਬ ਵਾਲੇ ਵਿਸ਼ੇਸ਼ ਤੌਰ ’ਤੇ ਪਹੁੰਚ ਰਹੇ ਹਨ ਜੋ ਕਿ 10 ਅਤੇ 11 ਮਈ ਨੂੰ ਸ਼ਾਮ ਦੇ ਸਮਾਗਮ ਅਤੇ 12 ਮਈ ਦੁਪਹਿਰ ਦੇ ਸਮਾਗਮਾਂ ਵਿਚ ਹਾਜ਼ਰੀ ਭਰਨਗੇ। 12 ਮਈ ਨੂੰ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ 1 ਵਜੇ ਰੱਖਿਆ ਜਾਵੇਗਾ। ਸਮੂਹ ਸੰਗਤਾਂ ਨੂੰ ਹੁੰਮ-ਹੁੰਮਾ ਕੇ ਪਹੁੰਚਣ ਅਤੇ ਤਨ, ਮਨ ਅਤੇ ਧਨ ਨਾਲ ਸੇਵਾ ਦਾਨ ਲਈ ਬੇਨਤੀ ਕੀਤੀ ਜਾਂਦੀ ਹੈ।

ਸਮਾਗਮ ਵਿਚ ਫੂਡ ਸਟਾਲਾਂ ਅਤੇ ਖਰੀਦੋ-ਫਰੋਖਤ ਦੀਆਂ ਸਟਾਲਾਂ ਦਾ ਵਿਸ਼ੇਸ਼ ਤੌਰ ’ਤੇ ਪ੍ਰਬੰਧ ਕੀਤਾ ਜਾ ਰਿਹਾ ਹੈ। ਇਸ ਸਮਾਗਮ ਸਬੰਧੀ ਕੋਈ ਜਾਣਕਾਰੀ ਲੈਣ ਲਈ 916-298-4913 ’ਤੇ ਕਾਲ ਕਰ ਸਕਦੇ ਹੋ।


# ਗਾਇਕ ਹੰਸਰਾਜ ਹੰਸ ਦਿੱਲੀ ਤੋਂ ਭਾਜਪਾ ਦੇ ਉਮੀਦਵਾਰ



ਪਦਮਸ੍ਰੀ ਰਾਜਗਾਇਕ ਹੰਸਰਾਜ ਹੰਸ ਨੇ ਭਾਜਪਾ ਜੁਆਇਨ ਕੀਤੀ ਸੀ।

**ਨਵੀਂ ਦਿੱਲੀ–** ਲੋਕ ਸਭਾ ਚੋਣਾਂ 2019 ਤਹਿਤ ਉੱਤਰੀ-ਪੱਛਮੀ ਦਿੱਲੀ ਲੋਕ ਸਭਾ ਸੀਟ ’ਤੇ ਵਰਤਮਾਨ ਸੰਸਦ ਮੈਂਬਰ ਉਦਿਤ ਰਾਜ ਨੂੰ ਵੱਡਾ ਝਟਕਾ ਲੱਗਿਆ ਹੈ। ਨਾਮਜ਼ਦਗੀ ਦੇ ਆਖ਼ਰੀ ਦਿਨ ਭਾਜਪਾ (ਭਝਫ) ਨੇ ਉਨ੍ਹਾਂ ਦੀ ਟਿਕਟ ਕੱਟ ਕੇ ਮਸ਼ਹੂਰ ਗਾਇਕ ਹੰਸਰਾਜ ਹੰਸ ਨੂੰ ਉਮੀਦਵਾਰ ਐਲਾਨ ਦਿੱਤਾ ਹੈ। ਉੱਥੇ ਖ਼ਬਰ ਆ ਰਹੀ ਹੈ ਕਿ ਟਿਕਟ ਨਾ ਮਿਲਣ ’ਤੇ ਉੱਤਰੀ-ਪੱਛਮੀ ਦਿੱਲੀ ਦੇ ਸੰਸਦ ਮੈਂਬਰ ਡਾ. ਉਦਿਤ ਰਾਜ ਭਾਜਪਾ ਨਾਲ ਬਗ਼ਾਵਤ ਕਰ ਸਕਦੇ ਹਨ। ਉਨ੍ਹਾਂ ਸਵੇਰੇ ਹੀ ਮੀਡੀਆ ਨੂੰ ਕਿਹਾ ਸੀ ਕਿ ਪਾਰਟੀ ਵੱਲੋਂ ਟਿਕਟ ਦੇ ਐਲਾਨ ਦਾ ਇੰਤਜ਼ਾਰ ਕਰ ਰਹੇ ਹਨ, ਪਾਰਟੀ ਦੇ ਫ਼ੈਸਲੇ ਤੋਂ ਬਾਅਦ ਅਗਲਾ ਕਦਮ ਉਠਾਉਣਗੇ। ਦੱਸਿਆ ਜਾ ਰਿਹਾ ਹੈ ਕਿ ਉਨ੍ਹਾਂ ਦੇ ਬਾਗ਼ੀ ਤੇਵਰਾਂ ਕਾਰਨ ਇਸ ਸੀਟ ’ਤੇ ਟਿਕਟ ਦੇ ਐਲਾਨ ਵਿਚ ਦੇਰੀ ਹੋ ਰਹੀ ਸੀ। ਪਾਰਟੀ ਉਨ੍ਹਾਂ ਦੀ ਜਗ੍ਹਾ ਹੰਸ ਰਾਜ ਹੰਸ ਨੂੰ ਚੋਣ ਲੜਨ ਦਾ ਫ਼ੈਸਲਾ ਕੁਝ ਦਿਨ ਪਹਿਲਾਂ ਹੀ ਕਰ ਚੁੱਕੀ ਸੀ। ਬੇਹੱਦ ਗ਼ਰੀਬ ਦਲਿਤ ਪਰਿਵਾਰ ਵਿਚ ਜਨਮੇ ਸਿੰਗਰ ਹੰਸ ਰਾਜ ਹੰਸ ਨੇ ਸਾਲਾਂ ਦੇ ਸੰਘਰਸ਼ ਤੋਂ ਬਾਅਦ ਗਾਇਕੀ ਦੀ ਦੁਨੀਆ ਵਿਚ ਆਪਣਾ ਨਾਂ ਕਮਾਇਆ ਹੈ।

# ਸਰਦਾਰ ਕੇਵਲ ਸਿੰਘ ਸਵਰਗਵਾਸ



**ਸੈਨਹੋਜ਼ੇ (ਬਿਓਰੋ)–** ਪੰਜਾਬੀ ਭਾਈਚਾਰੇ ਵਿਚ ਜਾਣੀ ਪਛਾਣੀ ਸਿੱਖ ਸਖਸ਼ੀਅਤ ਸਰਦਾਰ ਕੇਵਲ ਸਿੰਘ (84) ਲੰਘੇ ਸ਼ਨੀਵਾਰ ਨੂੰ ਸੰਖੇਪ ਬਿਮਾਰੀ ਉਪਰੰਤ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ ’ਚ ਜਾ ਨਿਵਾਜੇ ਹਨ। ਸ੍ਰ ਕੇਵਲ ਸਿੰਘ ਸਿੱਖੀ ਸਿਧਾਂਤਾਂ ਨਾਲ ਜੁੜੇ ਰਹੇ ਅਤੇ ਪੰਜਾਬੀ ਭਾਈਚਾਰੇ ਦੀਆਂ ਸਾਂਝੀਆਂ ਸਰਗਰਮੀਆਂ ’ਚ ਵਿਚਰਦੇ ਰਹੇ। ਸ੍ਰ. ਕੇਵਲ ਸਿੰਘ ਦਾ ਜੱਦੀ ਪਿੰਡ ਪੰਜਾਬ ਦੇ ਜ਼ਿਲ੍ਹਾ ਜਲੰਧਰ ਵਿਚ ਬੈਨਪੁਰ ਸੀ। ਉਨ੍ਹਾਂ ਦਾ ਅੰਤਿਮ ਸਸਕਾਰ ਸ਼ਨੀਵਾਰ ਮਿਤੀ 27 ਅਪ੍ਰੈਲ ਨੂੰ ਬਾਅਦ ਦੁਪਹਿਰ 1 ਵਜੇ ਤੋਂ 3 ਵਜੇ ਤੱਕ Chapel Of Chimes 32992 mission Blvd. Hayward ਵਿਖੇ ਹੋਵੇਗਾ ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਹੋਵੇਗੀ। ਸ੍ਰ. ਅਮੋਲਕ ਸਿੰਘ ਗਾਖਲ ਸਮੇਤ ਪੰਜਾਬੀ ਭਾਈਚਾਰੇ ਦੀਆਂ ਉੱਘੀਆਂ ਸਖਸ਼ੀਅਤਾਂ ਨੇ ਸ. ਕੇਵਲ ਸਿੰਘ ਦੇ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਹੋਰ ਜਾਣਕਾਰੀ ਜਾਂ ਦੁੱਖ ਸਾਂਝਾ ਕਰਨ ਲਈ ਸ੍ਰ. ਕੇਵਲ ਸਿੰਘ ਦੇ ਪੁੱਤਰਾਂ ਰਣਜੀਤ ਸਿੰਘ ਕੰਧੋਲਾ ਅਤੇ ਰਸ਼ਬੀਰ ਸਿੰਘ ਨਾਲ 408 504 4663 ’ਤੇ ਕੀਤਾ ਜਾ ਸਕਦਾ ਹੈ।

# ਕਾਂਗਰਸ ਨੇ ਦਿੱਲੀ ਲਈ ਉਮੀਦਵਾਰ ਐਲਾਨੇ



**ਨਵੀਂ ਦਿੱਲੀ–** ਨਵੀਂ ਦਿੱਲੀ- ਕਾਂਗਰਸ ਨੇ ਦਿੱਲੀ ਦੀਆਂ ਕੁੱਲ ਸੱਤ ਲੋਕ ਸਭਾ ਸੀਟਾਂ ਲਈ ਪਾਰਟੀ ਦੇ ਸਾਰੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਪਾਰਟੀ ਨੇ ਸੀਨੀਅਰ ਤੇ ਤਜਰਬੇਕਾਰ ਆਗੂਆਂ ਨੂੰ ਚੋਣ ਮੈਦਾਨ ’ਚ ਉਤਾਰਿਆ ਹੈ। ਮੁੱਕੇਬਾਜ਼ ਵਿਜੇਂਦਰ ਸਿੰਘ ਨੂੰ ਦੱਖਣੀ ਦਿੱਲੀ ਤੋਂ ਟਿਕਟ ਦਿੱਤੀ ਗਈ ਹੈ। ਉਸ ਨੇ ਹਰਿਆਣਾ ਪੁਲੀਸ ’ਚ ਡੀਐਸਪੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਇਸ ਤੋਂ ਪਹਿਲਾਂ ਦੱਖਣੀ ਦਿੱਲੀ ਤੋਂ ਸੱਜਣ ਕੁਮਾਰ ਦੇ ਭਰਾ ਨੂੰ ਟਿਕਟ ਦੇਣ ਦਾ ਫ਼ੈਸਲਾ ਲਿਆ ਗਿਆ ਸੀ ਪਰ ਅਕਾਲੀਆਂ ਵੱਲੋਂ ਰੋਸ ਪ੍ਰਦਰਸ਼ਨ ਮਗਰੋਂ ਉਮੀਦਵਾਰ ਦਾ ਐਲਾਨ ਅੱਗਾ ਪਾ ਦਿੱਤਾ ਗਿਆ ਸੀ। ਕਾਂਗਰਸ ਹਾਈ ਕਮਾਨ ਵੱਲੋਂ ਅੱਜ ਜਾਰੀ ਸੂਚੀ ’ਚ ਦਿੱਲੀ ਪ੍ਰਦੇਸ਼ ਕਾਂਗਰਸ ਦੀ ਸੂਬਾ ਪ੍ਰਧਾਨ ਤੇ ਦਿੱਲੀ ਦੀ ਪੰਦਰਾਂ ਸਾਲ ਲਗਾਤਾਰ ਮੁੱਖ ਮੰਤਰੀ ਰਹੀ ਸ਼ੀਲਾ ਦੀਕਸ਼ਿਤ ਨੂੰ ਉੱਤਰ-ਪੂਰਬੀ ਦਿੱਲੀ ਤੋਂ ਚੋਣ ਮੈਦਾਨ ’ਚ ਉਤਾਰਿਆ ਗਿਆ ਹੈ। ਚਾਂਦਨੀ ਚੌਕ ਤੋਂ ਸਾਬਕਾ ਰਾਜ ਸਭਾ ਮੈਂਬਰ ਜੇ.ਪੀ. ਅਗਰਵਾਲ, ਪੂਰਬੀ ਦਿੱਲੀ ਤੋਂ ਸਾਬਕਾ ਸਿੱਖਿਆ ਮੰਤਰੀ ਅਰਵਿੰਦਰ ਸਿੰਘ ਲਵਲੀ, ਨਵੀਂ ਦਿੱਲੀ ਤੋਂ ਅਜੈ ਮਾਕਨ, ਉੱਤਰੀ-ਪੱਛਮੀ ਦਿੱਲੀ (ਰਾਖ਼ਵਾਂ ਹਲਕਾ) ਤੋਂ ਰਾਜੇਸ਼ ਲਿਲੋਠੀਆ ਤੇ ਪੱਛਮੀ ਦਿੱਲੀ ਤੋਂ ਸਾਬਕਾ ਸੰਸਦ ਮੈਂਬਰ ਮਹਾਬਲ ਮਿਸ਼ਰਾ ਨੂੰ ਉਮੀਦਵਾਰ ਐਲਾਨਿਆ ਗਿਆ ਹੈ।

**ਗੌਤਮ ਗੰਭੀਰ ਪੂਰਬੀ ਦਿੱਲੀ ਅਤੇ ਲੇਖੀ ਨਵੀਂ ਦਿੱਲੀ ਤੋਂ ਭਾਜਪਾ ਉਮੀਦਵਾਰ**

ਭਾਜਪਾ ਨੇ ਸਾਬਕਾ ਕ੍ਰਿਕਟਰ ਗੌਤਮ ਗੰਭੀਰ ਨੂੰ ਪੂਰਬੀ ਦਿੱਲੀ ਤੋਂ ਚੋਣ ਮੈਦਾਨ ’ਚ ਉਤਾਰਨ ਦਾ ਐਲਾਨ ਕੀਤਾ ਹੈ। ਉਧਰ ਨਵੀਂ ਦਿੱਲੀ ਤੋਂ ਮੌਜੂਦਾ ਸੰਸਦ ਮੈਂਬਰ ਮੀਨਾਕਸ਼ੀ ਲੇਖੀ ਨੂੰ ਮੁੜ ਤੋਂ ਟਿਕਟ ਦਿੱਤੀ ਗਈ ਹੈ। ਪਾਰਟੀ ਵੱਲੋਂ ਰਾਜਧਾਨੀ ਦੀਆਂ 7 ਸੀਟਾਂ ’ਚੋਂ ਛੇ ਤੋਂ ਉਮੀਦਵਾਰ ਐਲਾਨ ਦਿੱਤੇ ਗਏ ਹਨ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# TANDOOR
## Indian Restaurant

**27167 Mission Blvd. Hayward, CA 95544**



ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

Contact Us:

BUFFET LUNCH 11:00 AM To 3:00 PM



ਸੁਰਿੰਦਰ 'ਕੋਕਾ' ਧਲੇਤਾ

**Ph. 510-885-1212, Fax. 510-885-1532**

**We are open seven days 11 AM to 10 PM**

# SUNSHINE AUTO CARE INC.
DBA
# PHILLIPS AUTO CARE

## Auto Services:
* Oil Change Services
* Factory Scheduled Maintenance
* Transmission Repair / Replacement
* 4WD Repairs Clutch Replacement
* Power Door Lock & Windows Repairs
* Electrical / Battery Service & Repair
* Engine Diagnostic Service
* Air Conditioning Service & Repair
* Cooling System Service & Repair
* Major Engine Repair
* Brake Repairs
* And Much More...

## Trucks & Trailers Services:
* DPF Filter Cleaning
* Clutch
* Computer Check
* Transmission
* Differential
* New / Use Tires
* Inspections
* Oil changes
* Van/Reefer Work
* Wheel Balancing
* Truck & Trailer Repair
* All Major & Minor Repairs
* We Do Aluminium Welding



ਅਸੀਂ ਕਸਟਮਰ ਨੂੰ ਪਿਕ ਅਪ ਅਤੇ ਡਰਾਪ ਵੀ ਕਰਦੇ ਹਾਂ

ਅਸੀਂ ਪੰਜਾਬੀ ਤੇ ਸਪੈਨਿਸ਼ ਵੀ ਬੋਲਦੇ ਹਾਂ

hablamos español

We Speak English, Spanish & Punjabi

We Provide Towing & 24/7 Mobile Road Services For All Autos, Trucks & Trailers

Open Monday to Saturday

ACCEPTED HERE: Com-Check, T-Check, EFS Check, VISA, MasterCard, American Express, DISCOVER

We Provide All Autos, Trucks & Trailers Repair



**Contact: Deep Suman: (408) 561-1846, (209) 239-1551 (24/7 Available)**

**Address: 1003 Moffat Blvd, Manteca CA 95336**

# ਬਸਪਾ ਸਮਰਥਕ ਯੂਨਿਟ ਨਿਊਯਾਰਕ ਵਲੋਂ ਮਹਾਤਮਾ ਜੋਤੀਬਾ ਫੂਲੇ, ਬਾਬਾ ਸਾਹਿਬ ਡਾ.ਅੰਬੇਦਕਰ ਤੇ ਸਾਹਿਬ ਕਾਂਸ਼ੀ ਰਾਮ ਜੀ ਦਾ ਜਨਮ ਦਿਨ ਬੜੇ ਉਤਸ਼ਾਹ ਨਾਲ ਮਨਾਇਆ ਗਿਆ




















**ਨਿਊਯਾਰਕ–** ਬੀਤੇ ਦਿਨੀਂ 14 ਅਪ੍ਰੈਲ ਦਿਨ ਐਤਵਾਰ ਨੂੰ ਬਹੁਜਨ ਸਮਾਜ ਪਾਰਟੀ ਸਮਰਥਕ ਯੂਨਿਟ ਨਿਊਯਾਰਕ ਵਲੋਂ ਨਾਰੀ ਮੁਕਤੀ ਮਹਾਤਮਾ ਜੋਤੀਬਾ ਫੂਲੇ, ਗਰੀਬਾਂ ਦੇ ਮਸੀਹਾਂ ਤੇ ਵਿਸ਼ਵ ਰਤਨ ਭੀਮ ਰਾਓ ਡਾ ਅੰਬੇਦਕਰ ਤੇ ਰਾਜ ਭਾਗ ਲੈਣ ਦੀ ਨਵੀਂ ਲਹਿਰ ਰਾਹੀ ਬਹੁਜਨਾਂ ਵਿੱਚ ਬਾਬਾ ਸਾਹਿਬ ਤੇ ਸਾਡੇ ਮਹਾਂਪੁਰਖਾਂ ਦੇ ਮਿਸ਼ਨ ਨੂੰ ਬੁਲੰਦੀਆਂ ਤੇ ਲੈ ਕੇ ਜਾਣ ਵਾਲੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਜਨਮ ਦਿਨ ਬੜੇ ਹੀ ਪ੍ਰਭਾਵਸ਼ਾਲੀ ਤੇ ਉਤਸ਼ਾਹ ਨਾਲ ਮਨਾਇਆ ਗਿਆ।

ਇਸ ਮੌਕੇ ਬਹੁਜਨ ਸਮਾਜ ਦੇ ਉੱਘੇ ਬੁਲਾਰੇ , ਲੇਖਕ ਤੇ ਗਾਇਕਾਂ ਨੇ ਪ੍ਰੋਗਰਾਮ ਵਿੱਚ ਹਿੱਸਾ ਲਿਆ। ਇਹ ਪ੍ਰੋ-ਗਰਾਮ ਨਿਊਯਾਰਕ ਦੇ ਮਸ਼ਹੂਰ ਪਾਰਟੀ ਹਾਲ ਫਾਈਵ ਸਟਾਰ ਵਿਖੇ ਕਰਵਾਇਆ ਗਿਆ, ਬਸਪਾ ਯੂਨਿਟ ਦਾ ਇਹ ਦੂਸਰਾ ਪ੍ਰੋ-ਗਰਾਮ ਸੀ , ਇਸਤੋਂ ਪਹਿਲਾਂ ਬਾਬਾ ਸਾਹਿਬ ਦਾ ਪ੍ਰੀ ਨਿਰਵਾਣ ਦਿਵਸ ਮਨਾਇਆ ਸੀ ਜਿਸ ਵਿੱਚ ਨਿਊਯਾਰਕ ਦੇ ਬਹੁਜਨਾਂ ਨੇ ਭਰਵਾਂ ਸਹਿਯੋਗ ਦਿੱਤਾ ਸੀ ।ਬੇਸ਼ਕ ਇਸ ਨਵਗਠਿਤ ਯੂਨਿਟ ਦੀ ਉਮਰ ਬਹੁਤ ਛੋਟੀ ਹੈ ਪਰ ਜੋ ਇਹਨਾਂ ਨੇ ਸਮਾਜ ਦੇ ਕੰਮਾਂ ਵਿੱਚ ਸਹਿਯੋਗ ਪਾਇਆ ਹੈ ਉਹ ਆਪਣੇ ਆਪ ਵਿੱਚ ਬੜੀ ਵੱਡੀ ਮਿਸਾਲ ਹੈ। ਯੂਨਿਟ ਦੇ ਸਕੱਤਰ ਸ੍ਰੀ ਹਰਜਿੰਦਰ ਕੁਮਾਰ ਮਡਾਰ ਨੇ ਪੂਰੇ ਵੇਰਵੇ ਨਾਲ਼ ਅੱਜ ਤੱਕ ਦਾ ਪਾਈ ਪਾਈ ਦਾ ਹਿਸਾਬ ਸਟੇਜ ਤੋਂ ਸਾਂਝਾ ਕੀਤਾ ਜਿਸਦੀ ਪ੍ਰੋਗਰਾਮ 'ਚ ਆਏ ਮਹਿਮਾਨਾਂ ਵਲੋਂ ਬਹੁਤ ਸ਼ਲਾਘਾ ਕੀਤੀ ਗਈ ਤੇ ਕਿਹਾ ਕਿ ਪਹਿਲੀ ਵਾਰ ਕਿਸੇ ਸੰਸਥਾ ਨੇ ਐਨੀ ਇਮਾਨਦਾਰੀ ਨਾਲ ਪਾਰ-ਦਰਸ਼ਤਾ ਦਿਖਾਈ ਹੈ।

ਬਸਪਾ ਯੂਨਿਟ ਨਿਊਯਾਰਕ ਦਾ ਹਰ ਇਕ ਸਮਾਗਮ ਧੜੇ ਬੰਦੀਆਂ ਤੋਂ ਉਪਰ ਉਠ ਕੇ ਹੋਇਆ ਕਰੇਗਾ। ਯੂਨਿਟ ਦੇ ਮੈਂਬਰਾਂ ਵਲੋਂ ਸਮੁੱਚੇ ਭਾਈਚਾਰੇ ਨੂੰ ਖੁੱਲ੍ਹਾ ਸੱਦਾ ਦਿੱਤਾ ਗਿਆ ਸੀ ।ਇਹ ਇੱਕ ਸਾਂਝਾ ਬੈਨਰ ਹੈ ਜਿਸ ਥੱਲੇ ਸਾਰਿਆਂ ਨੂੰ ਬਿਨਾਂ ਵਖਰੇਵੇਂ ਦੇ ਇਕੱਠੇ ਹੋਣਾ ਚਾਹੀਦਾ ਹੈ।

ਬੁਲਾਰਿਆਂ 'ਚ ਵਿਸ਼ੇਸ਼ ਸੱਦੇ ਤੇ ਕੈਲੇਫੋਰਨੀਆਂ ਤੋਂ ਆਏ ਸ੍ਰੀ ਪ੍ਰੇਮ ਕੁਮਾਰ ਚੁੰਬਰ (ਪਬਲੀਸ਼ਰ ਤੇ ਸੰਪਾਦਕ 'ਅੰਬੇਦਕਰ ਟਾਈਮਜ਼ ਤੇ ਦੇਸ਼ ਦੋਆਬਾ', ਵੀਕਲੀ ਨਿਊਜ਼ ਪੇਪਰ) ਨੇ ਮਹਾਤਮਾ ਜੋਤੀਬਾ ਫੂਲੇ, ਬਾਬਾ ਸਾਹਿਬ ਡਾ ਅੰਬੇਦਕਰ ਤੇ ਸਾਹਿਬ ਕਾਂਸ਼ੀ ਰਾਮ ਜੀ ਦੇ ਜੀਵਨ ਸੰਘਰਸ਼ਾਂ ਨੂੰ ਬਹੁਤ ਹੀ ਵਿਸਥਾਰ ਪੂਰਵਕ ਢੰਗ ਨਾਲ ਬਿਆਨਿਆਂ। ਉਹਨਾਂ ਕਿ ਜਿੰਨਾਂ ਚਿਰ ਅਸੀਂ ਇੱਕ ਸਾਂਝਾ ਰਾਹ ਨਹੀਂ ਚੁਣਦੇ ਓਨਾ ਚਿਰ ਅਸੀਂ ਭਟਕਦੇ ਹੀ ਰਹਾਂਗੇ, ਹੁਣ ਸਮਾਂ ਆ ਗਿਆ ਹੈ ਸਾਨੂੰ ਲੋਕ ਸਭਾ ਦੀਆਂ ਪੰਜਾਬ ਵਿੱਚ ਹੋਣ ਜਾ ਰਹੀਆਂ 19 ਮਈ ਨੂੰ ਚੋਣਾਂ ਆਪਣੇ ਉਮੀਦਵਾਰਾਂ ਨੂੰ ਜਿਤਾ ਕੇ ਸਾਬਤ ਕਰਨਾ ਚਾਹੀਦਾ ਕਿ ਅਸੀਂ ਕੌਮੀ ਤੌਰ ਤੇ ਸਭ ਇੱਕ ਹਾਂ।

ਹਰਮੇਸ਼ ਸਿੰਘ ਭਾਰਸਿੰਘਪੁਰੀ ਸਾਬਕਾ ਬਸਪਾ ਸਕੱਤਰ ਪੰਜਾਬ ਨੇ ਬੜੇ ਕਰੜੇ ਸ਼ਬਦਾਂ ਵਿੱਚ ਸਮੁੱਚੇ ਬਹੁਜਨ ਸਮਾਜ ਨੂੰ ਅਪੀਲ ਕਰਦਿਆਂ ਕਿਹਾ ਕਿ ਅਗਰ ਜੇ ਤੁਸੀਂ ਇਸ ਵਾਰ ਬਸਪਾ ਨੂੰ ਵੋਟਾਂ ਨਾਲ ਨਾ ਜਿਤਾਇਆ ਤਾਂ ਉਹ ਦਿਨ ਦੂਰ ਨਹੀਂ ਕਿ ਭਾਰਤ ਵਿੱਚ ਵੱਸਦੇ ਬਹੁਜਨ ਸਮਾਜ ਦੇ ਮੂੰਹ ਮੋਹਰੇ ਕੂੱਜਾ ਤੇ ਪਿਠ ਪਿੱਛੇ ਝਾੜੂ ਬੰਨ੍ਹਿਆ ਹੋਵੇਗਾ, ਜਿਹੜੇ ਅੱਜ ਸੰਵਿਧਾਨ ਬਦਲਣ ਦੀਆਂ ਗੱਲਾਂ ਕਰਦੇ ਹਨ, ਉਹ ਗੱਲਾਂ ਹੀ ਨਹੀਂ ਕਰਦੇ ਜੇ ਉਹ ਦੁਬਾਰਾ ਸਤਾ ਸੰਭਾਲ ਲੈਂਦੇ ਹਨ ਤਾਂ ਸਮਝੋ ਸੰਵਿਧਾਨ ਬਦਲ ਗਿਆ। ਉੱਘੇ ਲੇਖਕ ਬਲਵਿੰਦਰ ਭੌਰਾ ਨੇ ਕਿਹਾ ਕਿ ਜੇ ਅਸੀਂ ਗੁਰੂ ਰਵਿਦਾਸ ਜੀ ਦਾ ਸੁਪਨਾ ਸੱਚ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਬਾਬਾ ਸਾਹਿਬ ਵਲੋਂ ਲੈ ਕੇ ਦਿੱਤੇ ਵੋਟ ਦੇ ਅਧਿਕਾਰ ਨੂੰ 19 ਮਈ 2019 ਵਿੱਚ ਬਹੁਮਤ ਨਾਲ ਉਮੀਦਵਾਰਾਂ ਨੂੰ ਜਿਤਾ ਕੇ ਆਪਣਾ ਰਾਜ ਲਿਆਉਣਾ ਚਾਹੀਦਾ ਹੈ । ਸਾਨੂੰ ਇਹ ਜਨਮ ਦਿਨ ਮਨਾਉਣ ਦਾ ਤਦ ਹੀ ਫਾਇਦਾ ਹੈ ਜੇ ਅਸੀਂ ਆਪਣੇ ਰਹਿਬਰਾਂ ਦੇ ਉਦੇਸ਼ ਨੂੰ ਸਮਝਾਈਏ । ਇਸਤੋਂ ਇਲਾਵਾ ਬੁਲਾਰਿਆਂ 'ਚ ਰਾਮ ਬਾਬੂ ਗੌਤਮ, ਪਰਮਜੀਤ ਭੂਖੜੀ ਬਸਪਾ ਯੂਨਿਟ ਇੰਚਾਰਜ਼, ਜੇ.ਪੀ.ਆਰ, ਗੁਰਨਾਮ ਸਿੰਘ ਵਿਰਦੀ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਨਿਊਯਾਰਕ, ਪ੍ਰਸ਼ੋਤਮ ਲਾਲ ਰਿਟਾਇਰਡ ਇੰਸਪੈਕਟਰ, ਓਕਾਰ ਸਿੰਘ ਡੁਮੇਲੀ ਇੰਡੋ ਅਮੈਰਿਕਨ ਹੈਰੀਟੇਜ਼ ਫਾਊਡੇਸ਼ਨ ਨਿਊਯਾਰਕ, ਅਸ਼ਵਨੀ ਕੁਮਾਰ ਮੀਤ ਪ੍ਰਧਾਨ ਬਸਪਾ ਯੂਨਿਟ ਨਿਊਯਾਰਕ, ਸੰਤੋਖ ਬੰਗਾ, ਪਰਮਜੀਤ ਫਿਲੌਰ, ਗੁਰਦਿਆਲ ਸਿੰਘ ਚੇਅਰਮੈਨ ਬਸਪਾ ਯੂਨਿਟ, ਰਾਮ ਸਰੂਪ ਸਕੱਤਰ ਬਸਪਾ ਯੂਨਿਟ ਬੁਲਾਰਿਆਂ ਨੇ ਆਪਣੇ ਵਿਚਾਰਾਂ ਰਾਹੀ ਆਏ ਮਹਿਮਾਨਾਂ ਨਾਲ ਸਾਂਝ ਪਾਈ । ਇਸ ਤੋਂ ਪ੍ਰਸਿਧ ਗਾਇਕ ਰਮਨਦੀਪ ਨੇ ਆਪਣੀ ਸੁਰੀਲੀ ਆਵਾਜ਼ ਰਾਹੀ ਮਿਸ਼ਨਰੀ ਗੀਤ ਗਾ ਕੇ ਮਹਿਮਾਨਾਂ ਕੋਲੋ ਵਾਹਵਾਹ ਖੱਟੀ। ਯੂਨਿਟ ਵਲੋਂ ਚਰਨਜੀਤ ਝੱਲੀ' ਝੱਲੀ ਐਂਡ ਝੱਲੀ ਕੰਨਸਟਰਕਸ਼ਨ ਕੰਪਨੀ, ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਸ੍ਰੀ ਪਰੇਮ ਚੁੰਬਰ, ਓਕਾਰ ਸਿੰਘ ਡੁੰਮੇਲੀ ਇੰਡੋ ਅਮੈਰਿਕਨ, ਗਾਇਕ ਰਮਨਦੀਪ ਤੇ ਹੋਰ ਸਹਿਯੋਗੀਆਂ ਨੂੰ ਸਨਮਾਨ ਚਿੰਨ ਭੇਟ ਕੀਤੇ। ਇਸ ਉਪਰੰਤ ਸਮੂੰਹ ਮਹਿਮਾਨਾਂ ਨੇ ਸੁਆਦਲੇ ਪਕਵਾਨਾਂ ਦਾ ਆਨੰਦ ਮਾਣਿਆ। ਇਸ ਸਮਾਗਮ ਵਿਚ ਨਿਰੰਕਾਰੀ ਸੰਗਤ ਨੇ ਭਰਪੂਰ ਹਾਜ਼ਰੀ ਭਰੀ ਅਤੇ ਸਹਿਯੋਗ ਵੀ ਕੀਤਾ। ਸਮਾਗਮ ਦੇ ਅੰਤ 'ਚ ਰਾਮ ਸਰੂਪ ਬੰਗੜ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਕੁਲ ਮਿਲਾਕੇ ਇਸ ਪ੍ਰੋਗਰਾਮ ਦੀ ਸਭ ਨੇ ਸ਼ਲਾਘਾ ਕੀਤੀ।

**– ਰਿਪੋਰਟ– ਬਲਵਿੰਦਰ ਭੌਰਾ**

# ਬਸਪਾ ਸਮਰਥਕ ਯੂਨਿਟ ਨਿਊਯਾਰਕ ਵਲੋਂ ਮਹਾਤਮਾ ਜੋਤੀਬਾ ਫੂਲੇ, ਬਾਬਾ ਸਾਹਿਬ ਡਾ.ਅੰਬੇਦਕਰ ਤੇ ਸਾਹਿਬ ਕਾਂਸ਼ੀ ਰਾਮ ਜੀ ਦਾ ਜਨਮ ਦਿਨ ਬੜੇ ਉਤਸ਼ਾਹ ਨਾਲ ਮਨਾਇਆ ਗਿਆ
















22 ਅਪ੍ਰੈਲ, 2019 ਨੂੰ ਡਾ. ਰੌਣਕੀ ਰਾਮ ਦੇ ਘਰ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਡਾ. ਗੁਰਮੀਤ ਸਿੰਘ ਕੱਲਰਮਾਜਰੀ ਦੀ ਕਾਵਿ-ਪੁਸਤਕ 'ਕੁੰਭ ਨਾਦ' ਡਾ. ਰੌਣਕੀ ਰਾਮ ਨੂੰ ਭੇਂਟ ਕਰਦਿਆਂ ਡਾ. ਗੁਰਮੀਤ ਸਿੰਘ ਕੱਲਰਮਾਜਰੀ। ਉਨ੍ਹਾਂ ਦੇ ਨਾਲ ਸਾਥੀ ਮਿੱਤਰ ਸ. ਫਤਹਿ ਜੰਗ ਸਿੰਘ, ਡਾ. ਸੰਤੋਖ ਸਿੰਘ ਸੁੱਖੀ ਤੇ ਡਾ. ਪ੍ਰੀਤ ਇੰਦਰ ਸਿੰਘ।












ਨਾਮਵਰ ਸਕਾਲਰ ਸਦਾ ਸਾਦਗੀ 'ਚ ਰਹਿਣ ਵਾਲੇ। ਪ੍ਰੋਫੈਸਰ ਰੌਣਕੀ ਰਾਮ (ਡਾ.), ਆਪਣੇ ਘਰ ਦੇ ਮੂਹਰੇ ਯੂਨੀਵਰਸਿਟੀ ਨੂੰ ਜਾਣ ਲਈ ਦੀ ਤਿਆਰੀ 'ਚ।

# ਬਸਪਾ ਸਮਰਥਕ ਯੂਨਿਟ ਨਿਊਜਾਰਕ ਵਲੋਂ ਮਹਾਤਮਾ ਜੋਤੀਬਾ ਫੂਲੇ, ਬਾਬਾ ਸਾਹਿਬ ਡਾ.ਅੰਬੇਦਕਰ ਤੇ ਸਾਹਿਬ ਕਾਂਸ਼ੀ ਰਾਮ ਜੀ ਦਾ ਜਨਮ ਦਿਨ ਬੜੇ ਉਤਸ਼ਾਹ ਨਾਲ ਮਨਾਇਆ ਗਿਆ











# Baba Saheb Dr. B.R. Ambedkar -Birth Anniversary celebrations Sri Guru Ravidass Temple, Pittsburg, California











Sri Guru Ravidass Sabha Pittsburg, California celebrated 128th Birth Anniversary of Bharat Rattan Babasaheb Dr. B.R. Ambedkar in its Temple in Pittsburg on April 21, 2019 (Sunday) with a spirit of dedication, grace and enthusiasm. The program which commenced with the recitation of path Sukhmani Sahib and ended with Ardass was attended by about 200 devotees and turned out to be a remarkable success. Langar Sewa for the occasion was hosted by Guru Ghar with the volunteer help of Sangat Sewadars in cooking and distribution of food.

Prominent speakers well versed with the vision and sacrifices of Babasaheb included Mr. O.P. BalleyGeneral Secretary, Supreme Council, Sri Guru Ravidass Sabhas, USA who also conducted the proceedings of the function from Guru Ghar stage, shared his personal experiences with Sangat, pertaining to the life time of Babasaheb and his achievements as the principal architect of India's constitution.

Mr. Balley also cautioned the Sangat about the planned efforts underway by Manuwadi forces to undo what Babasaheb labored so hard all his life to accomplish. Mr. Shashi Paul, Treasurer of the Supreme Council and a devoted follower of Babasaheb spoke on the crusade and revolutionary role played by Babasaheb for the liberation of the helpless and the neglected sections of society. Mr. Shashi Paul revered Babasaheb with the stature of a Guru and recalled how his respected father, late Mr. R.C Paul personally met Babasaheb during his visit to Jalandhar in 1951.

Other speakers who shared their thoughts on the unique contributions of Babasaheb included Bibi Kashmir Kaur, Mr. Kashmiri Bhatia, President of Sri Guru Ravidass Sabha Pittsburg (CA), Bhai Avtar Singh Bhatia and Bibi Kamaljit Kaur Bhatia. Mr. Prem Chumber,Chief Editor, Ambedkar Times and Desh Doaba publications who wanted to cover the occasion from a journalistic point of view, could not attend because of other prior commitments, but he did call me to convey his congratulations on this auspicious and historic event. Guru Ghar Jatha led by Bhai Gurnam Singh and famous Kirtan Jatha of Bhai Bhupinder Singh of Darbar Sahib embellished the program with their gifted performances.

**- O.P. Balley (Sewadar)**

# David Parkash Raju is no more







There was a feeling of a shocking grief and sadness to know about the sudden and untimely demise of David Parkash Raju son of Mrs. Paramjit Raju and Mr. Ram Parkash Raju former President of Sri Guru Ravidass Sabha Pittsburg, California. Ambedkar Times and Desh Doaba send its deep condolences and sympathies to the bereaved family for this irreparable loss. A self-explanatory note received from Ms Ruby, younger sister of the deceased expressing the aggrieved feelings of the family appears below.

David Parkash Raju entered this world on October 30, 1972, born in 1972 in village Paddi Sura Singh Hoshiarpur, Punjab, India. Our beloved David took his last breath April 4, 2019.

Leaving us at a young age of 46. He was the oldest of the Raju family. We know he is at peace and happy as he has joined his younger brother Vinod Raju in heaven. He leaves behind his parents, Ram Parkash and Paramjit Raju; wife, Parminder Raju; 5 children, Karanjit, Kajol, Manisha, Parveen, and Hapreet Raju and three sisters, Ruby, Keran, and Kuljit Raju. David was raised in Pittsburg, (CA.)

Anyone that knew him, knew he was an avid Bollywood movie buff, the biggest fan of Amitabh Bachchan, and loved his wrestling.

More importantly, David loved his children, his parents, and family. He was loved by his co-workers for his big heart, positive guidance, and goofy fun personality.

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
**530-824-5134**

## ਪੁਰਾਣੇ ਟਾਇਰਾਂ ਦੀ ਸੇਲ

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES
**WASH, LUBE, BRAKES**

Call:
**650-642-0697**

## 3525 Highway 99, West Corning, CA 96021
Across the Street from TA Truck Stop



# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# ਕਿਉਂ ਮੋਹ ਭੰਗ ਹੋ ਗਿਆ ਲੋਕ ਸਭਾ ਚੋਣਾਂ ਲਈ ਪ੍ਰਵਾਸੀ ਪੰਜਾਬੀਆਂ ਦਾ?

**ਪੰਜਾਬੀਆਂ ਦੇ ਲੋਕ ਸਭਾ 'ਚ ਮੋਹ ਭੰਗ ਹੋਣ ਦਾ ਕਾਰਨ ਉਹ ਨੇਤਾ ਲੋਕ ਹਨ, ਜਿਹਨਾ ਨੇ ਰਾਜਨੀਤੀ ਨੂੰ ਲੋਕ ਸੇਵਾ ਵਜੋਂ ਨਹੀਂ ਇੱਕ ਧੰਦੇ ਵਜੋਂ ਅਪਨਾਇਆ ਹੋਇਆ ਹੈ ਅਤੇ ਜਿਹੜੇ ਆਪਣੇ ਹਿੱਤਾਂ ਦੀ ਖਾਤਰ ਲੋਕ ਹਿੱਤ ਵੇਚਣ ਤੋਂ ਗੁਰੇਜ਼ ਨਹੀਂ ਕਰਦੇ। ਪ੍ਰਵਾਸੀ ਵੀਰਾਂ ਨੇ ਕਦੇ ਲੋਕ ਭਲਾਈ ਪਾਰਟੀ ਦੇ ਨੇਤਾ ਬਲਵੰਤ ਸਿੰਘ ਰਾਮੂੰਵਾਲੀਆ ਨੂੰ ਭਰਪੂਰ ਸਹਿਯੋਗ ਦਿੱਤਾ। ਫਿਰ ਮਨਪ੍ਰੀਤ ਸਿੰਘ ਬਾਦਲ ਦੀ ਪਾਰਟੀ ਪੀ ਪੀ ਪੀ ਦਾ ਪੂਰਾ ਸਾਥ ਦਿੱਤਾ।**



ਗੁਰਮੀਤ ਪਲਾਹੀ
91-98158-02070

ਭਾਰਤ ਦੇ ਵਿਦੇਸ਼ ਮੰਤਰਾਲੇ (ਮਨਿਸਟਰੀ ਆਫ਼ ਫੌਰੈਨ ਅਫ਼ੈਅਰਜ਼ ਇੰਡੀਆ) ਦੇ ਮੁਤਾਬਿਕ ਲਗਭਗ 3.10 ਕਰੋੜ ਐਨ.ਆਰ.ਆਈ.(ਨਾਨ ਰੈਜੀਡੈਂਟ ਇੰਡੀਅਨਜ਼) ਦੁਨੀਆਂ ਦੇ ਵੱਖੋ-ਵੱਖਰੇ ਦੇਸ਼ਾਂ ਵਿੱਚ ਰਹਿ ਰਹੇ ਹਨ। ਆਰ.ਪੀ.ਐਕਟ (ਰਿਪਰੈਜੈਨਟੇਸ਼ਨ ਆਫ਼ ਪੀਪਲਜ਼ ਐਕਟ) 2018 ਵਿੱਚ ਇਹ ਦਰਸਾਇਆ ਗਿਆ ਹੈ ਕਿ ਜੋ ਐਨ.ਆਰ.ਆਈ. ਭਾਰਤੀ ਮਤਦਾਤਾ ਸੂਚੀ ਵਿੱਚ ਦਰਜ ਹੈ, ਉਹ ਵਿਦੇਸ਼ ਰਹਿੰਦੇ ਹੋਏ ਵੀ ਆਪਣੇ ਖੇਤਰ ਵਿੱਚ ਆਪਣੇ ਦੋਸਤ ਜਾਂ ਰਿਸ਼ਤੇਦਾਰ ਨੂੰ ਪ੍ਰਾਕਸੀ ਨੀਅਤ ਕਰਕੇ ਆਪਣੇ ਵੋਟ ਦੀ ਵਰਤੋਂ ਕਰ ਸਕਦਾ ਹੈ। ਨਿਯੁੱਕਤ ਕੀਤਾ ਹੋਇਆ ਪ੍ਰਾਕਸੀ ਮਤਦਾਨ ਕੇਂਦਰ ਜਾ ਕੇ ਸਬੰਧਤ ਐਨ.ਆਰ.ਆਈ ਦੇ ਵਲੋਂ ਵੋਟ ਪਾ ਸਕਦਾ ਹੈ। ਲੇਕਿਨ ਅਸਲ ਵਿੱਚ ਸਿਆਸੀ ਦਲਾਂ ਵਿੱਚ ਇਸ ਮਸਲੇ 'ਤੇ ਸਹਿਮਤੀ ਨਹੀਂ ਬਣ ਸਕੀ। ਪੰਜਾਬ ਦੇ ਸਿਰਫ਼ 393 ਐਨ.ਆਰ.ਆਈ. ਲੋਕਾਂ ਨੇ ਆਪਣੀ ਵੋਟ ਬਣਵਾਈ ਹੈ, ਜਿਹਨਾ ਵਿਚੋਂ ਬਹੁਤ ਘੱਟ ਲੋਕ ਕਿਰਾਇਆ ਖਰਚ ਕੇ, ਵਿਦੇਸ਼ਾਂ ਵਿੱਚੋਂ ਆਕੇ, ਵੋਟ ਪਾ ਸਕਣਗੇ। ਭਾਵੇਂ ਕਿ ਪੰਜਾਬ ਵਿਚੋਂ ਰੁਜ਼ਗਾਰ ਲਈ ਵਿਦੇਸ਼ਾਂ ਵਿੱਚ ਜਾ ਕੇ ਵਸੇ ਲੱਖਾਂ ਲੋਕਾਂ ਦਾ ਆਪਣੇ ਪਿੰਡਾਂ-ਕਸਬਿਆਂ ਲਈ ਅੰਤਾਂ ਦਾ ਮੋਹ ਹੈ, ਉਹ ਆਪਣੇ ਜਨਮ ਸਥਾਨ ਨੂੰ ਚੰਗੇਰਾ ਬਨਾਉਣ ਲਈ ਸਦਾ ਉਤਸਕ ਦਿਸਦੇ ਹਨ, ਅਤੇ ਸਮੇਂ ਸਮੇਂ ਉਹ ਪਿੰਡ ਪੰਚਾਇਤਾਂ, ਵਿਧਾਨ ਸਭਾ ਚੋਣਾਂ ਵਿੱਚ ਡੂੰਘੀ ਦਿਲਚ-ਸਪੀ ਲੈਂਦੇ ਰਹੇ ਹਨ, ਪਰ 2019 ਦੀਆਂ ਲੋਕ ਸਭਾ ਚੋਣਾਂ ਲਈ ਉਹ ਕੋਈ ਵਿਸ਼ੇਸ਼ ਦਿਲਚਸਪੀ ਨਹੀਂ ਰੱਖ ਰਹੇ, ਕੀ ਉਹਨਾ ਦਾ ਚੋਣਾਂ ਪ੍ਰਤੀ ਮੋਹ ਭੰਗ ਹੋ ਗਿਆ ਹੈ?

ਪੰਜਾਬੀਆਂ ਦੇ ਲੋਕ ਸਭਾ 'ਚ ਮੋਹ ਭੰਗ ਹੋਣ ਦਾ ਕਾਰਨ ਉਹ ਨੇਤਾ ਲੋਕ ਹਨ, ਜਿਹਨਾ ਨੇ ਰਾਜਨੀਤੀ ਨੂੰ ਲੋਕ ਸੇਵਾ ਵਜੋਂ ਨਹੀਂ ਇੱਕ ਧੰਦੇ ਵਜੋਂ ਅਪਨਾਇਆ ਹੋਇਆ ਹੈ ਅਤੇ ਜਿਹੜੇ ਆਪਣੇ ਹਿੱਤਾਂ ਦੀ ਖਾਤਰ ਲੋਕ ਹਿੱਤ ਵੇਚਣ ਤੋਂ ਗੁਰੇਜ਼ ਨਹੀਂ ਕਰਦੇ। ਪ੍ਰਵਾਸੀ ਵੀਰਾਂ ਨੇ ਕਦੇ ਲੋਕ ਭਲਾਈ ਪਾਰਟੀ ਦੇ ਨੇਤਾ ਬਲਵੰਤ ਸਿੰਘ ਰਾਮੂੰਵਾਲੀਆ ਨੂੰ ਭਰਪੂਰ ਸਹਿਯੋਗ ਦਿੱਤਾ। ਫਿਰ ਮਨਪ੍ਰੀਤ ਸਿੰਘ ਬਾਦਲ ਦੀ ਪਾਰਟੀ ਪੀ ਪੀ ਪੀ ਦਾ ਪੂਰਾ ਸਾਥ ਦਿੱਤਾ। ਆਮ ਆਦਮੀ ਪਾਰਟੀ ਨੂੰ ਤਾਂ ਉਹਨਾਂ ਤਨ, ਮਨ, ਧਨ ਨਾਲ ਸਹਾਇਤਾ ਦਿੱਤੀ, ਇਸ ਨੂੰ ਕਬੂਲਿਆ ਅਤੇ ਪੰਜਾਬ 'ਚ ਆਕੇ ਵੀ ਇਸਦੇ ਹੱਕ ਵਿੱਚ ਪ੍ਰਚਾਰ ਕੀਤਾ ਪਰ ਆਮ ਆਦਮੀ ਪਾਰਟੀ ਦੇ ਨੇਤਾ ਪ੍ਰਵਾਸੀ ਪੰਜਾਬੀਆਂ ਦੇ ਪਿਆਰ ਦੇ ਹਾਣ ਦੇ ਨਾ ਹੋ ਸਕੇ। 'ਆਪ' ਦਾ ਝਾੜੂ ਤੀਲਾ ਤੀਲਾ ਹੋ ਗਿਆ ਜਾਂ ਕਰ ਦਿੱਤਾ ਗਿਆ ਤੇ ਪ੍ਰਵਾਸੀ ਪੰਜਾਬੀਆਂ ਦੇ ਦਿਲ ਹੀ ਜਿਵੇਂ ਟੁੱਟ ਗਏ।

ਪ੍ਰਵਾਸੀ ਪੰਜਾਬੀ ਲੰਮੇ ਸਮੇਂ ਤੋਂ ਹੀ ਦੇਸ਼ ਦੀਆਂ ਵੱਖੋ-ਵੱਖਰੀਆਂ ਸਿਆਸੀ ਪਾਰਟੀਆਂ ਨਾਲ ਜੁੜੇ ਹੋਏ ਹਨ। ਭਾਰਤ ਵਿੱਚ 1969 ਤੋਂ ਇੰਡੀਅਨ ਓਵਰਸੀਜ਼ ਕਾਂਗਰਸ ਦੀਆਂ ਕਈ ਇਕਾਈਆਂ ਸਥਾਪਿਤ ਹੋਈਆਂ। ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਅਤੇ ਹੁਣ ਪੰਜਾਬ ਏਕਤਾ ਪਾਰਟੀ ਦੇ ਸੁਖਪਾਲ ਖਹਿਰਾ ਅਤੇ ਲੁਧਿਆਣਾ ਦੇ ਬੈਂਸ ਭਰਾਵਾਂ ਦੀ ਪਾਰਟੀ ਲੋਕ ਇਨਸਾਫ ਪਾਰਟੀ ਵਲੋਂ ਵੀ ਆਪਣੇ ਵਿਦੇਸ਼ੀ ਸਮਰਥਕਾਂ, ਸੰਸਥਾਵਾਂ ਨਾਲ ਗੂੜ੍ਹੇ ਸਬੰਧ ਬਣਾ ਰੱਖੇ ਹੋਏ ਹਨ। ਕੈਪਟਨ ਅਮਰਿੰਦਰ ਸਿੰਘ, ਉਹਨਾ ਦੀ ਪਤਨੀ ਪ੍ਰਨੀਤ ਕੌਰ, ਹਰਚਰਨ ਸਿੰਘ ਬਰਾੜ ਦੀ ਨੂੰਹ ਕਰਨ ਕੌਰ ਬਰਾੜ, ਕਾਂਗਰਸ ਪਾਰਟੀ ਦੇ ਹੱਕ ਵਿੱਚ ਸਮੇਂ ਸਮੇਂ ਪ੍ਰਚਾਰ ਕਰਦੇ ਰਹਿੰਦੇ ਸਨ ਅਤੇ ਸਿੱਖ ਖੇਡਾਂ ਜਾਂ ਹੋਰ ਸਮਾਗਮਾਂ ਸਮੇਂ ਪਬਲਿਕ ਅਤੇ ਪ੍ਰਾਈਵੇਟ ਮਿਲਣੀਆਂ ਕਰਦੇ ਰਹੇ ਸਨ ਅਤੇ ਪੰਜਾਬੀ ਮੀਡੀਏ ਦੇ ਪ੍ਰਤੀਨਿਧਾਂ ਨਾਲ ਮਿਲਕੇ ਆਪਣੇ ਪਾਰਟੀ ਪ੍ਰੋਗਰਾਮਾਂ ਦਾ ਪ੍ਰਚਾਰ ਕਰਕੇ ਵੱਡੀ ਮਾਇਕ ਸਹਾਇਤਾ ਅਤੇ ਸਹਿਯੋਗ ਆਪਣੀ ਪਾਰਟੀ ਲਈ ਇੱਕਠੀ ਕਰਦੇ ਰਹੇ। ਇਸ ਲਿਸਟ ਵਿੱਚ ਹੋਰ ਛੋਟੇ ਵੱਡੇ ਕਾਂਗਰਸੀ ਨੇਤਾਵਾਂ ਤੋਂ ਬਿਨ੍ਹਾਂ ਕਾਂਗਰਸ ਦੇ ਸਾਬਕਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦਾ ਨਾਮ ਵੀ ਵੱਜਦਾ ਹੈ। ਮਹਿੰਦਰ ਸਿੰਘ ਗਿਲਜੀਆਂ ਅਮਰੀਕਾ ਵਿੱਚ ਅਤੇ ਓਵਰਸੀਜ਼ ਕਾਂਗਰਸ ਦੇ ਯੂ.ਕੇ. ਦੇ ਨੇਤਾ ਦਲਜੀਤ ਸਿੰਘ ਸਹੋਤਾ ਅਤੇ ਇਟਲੀ ਦੇ ਕਰਮਜੀਤ ਸਿੰਘ ਢਿਲੋਂ ਆਦਿ ਇਹੋ ਜਿਹੇ ਪ੍ਰਵਾਸੀ ਪੰਜਾਬੀ ਹਨ, ਜਿਹੜੇ ਕਾਂਗਰਸ ਦੀ ਉੱਚ ਲੀਡਰਸ਼ਿਪ ਨੂੰ ਇਹਨਾ ਦੇਸ਼ਾਂ 'ਚ ਸਵਾਗਤ ਕਰਨ ਵੇਲੇ ਮੋਹਰੀ ਰੋਲ ਅਦਾ ਕਰਦੇ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਨੇ ਕਦੇ ਪ੍ਰਵਾਸੀ ਪੰਜਾਬੀਆਂ 'ਚ ਵੱਡਾ ਅਸਰ ਬਣਾਇਆ ਸੀ, ਅਮਰੀਕਾ, ਕੈਨੇਡਾ, ਬਰਤਾਨੀਆ ਅਤੇ ਹੋਰ ਮੁਲਕਾਂ 'ਚ ਆਪਣੀਆਂ ਇਕਾਈਆਂ ਖੋਲ੍ਹੀਆਂ, ਗੁਰਦੁਆਰਿਆਂ 'ਚ ਆਪਣੀ ਸਿਆਸਤ ਕੀਤੀ। ਪਰ ਪਿਛਲੀਆਂ ਲੋਕ ਸਭਾ ਚੋਣਾਂ 'ਚ ਵੱਡੀ ਹਾਰ ਨੂੰ ਉਹਨਾ ਨੇ ਪ੍ਰਵਾਸੀ ਪੰਜਾਬੀਆਂ ਕਾਰਨ ਆਪਣੀ ਹਾਰ ਹੋਈ ਮੰਨਿਆ, ਕਿਉਂਕਿ ਪ੍ਰਵਾਸੀ ਪੰਜਾਬੀਆਂ ਨੇ ਖੁਲ੍ਹੇ ਆਮ ਆਦਮੀ ਪਾਰਟੀ ਦੀ ਹਮਾਇਤ ਕੀਤੀ। ਸਿੱਟੇ ਵਜੋਂ ਆਮ ਆਦਮੀ ਪਾਰਟੀ ਦੇ ਚਾਰ ਮੈਂਬਰ ਪਾਰਲੀਮੈਂਟ ਚੁਣੇ ਗਏ। ਇਸੇ ਗੁੱਸੇ ਵਿੱਚ ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੇ ਵਿਦੇਸ਼ਾਂ ਵਿੱਚ ਸਥਾਪਿਤ ਸ਼੍ਰੋਮਣੀ ਅਕਾਲੀ ਦਲ ਦੀਆਂ ਇਕਾਈਆਂ ਨੂੰ "ਨਾਟ ਰਿਕੁਆਇਰਡ ਇੰਡੀਅਨਜ਼" ਗੁਰਦਾਨਦੇ ਹੋਏ ਭੰਗ ਕਰ ਦਿੱਤਾ। ਪੰਜਾਬ ਸਰਕਾਰ ਵਲੋਂ ਕਰਵਾਏ ਜਾ ਰਹੇ ਪ੍ਰਵਾਸੀ ਸੰਮੇਲਨ, ਜਿਹਨਾ ਵਿੱਚ ਆਪਣੇ ਚਹੇਤਿਆਂ ਨੂੰ ਸੱਦਕੇ ਸਨਮਾਨਿਆ ਜਾਂਦਾ ਸੀ, ਉਹਨਾ ਨੂੰ ਵੀ ਆਈ ਪੀ ਟਰੀਟਮੈਂਟ ਦਿੱਤਾ ਜਾਂਦਾ ਸੀ, ਸਰਕਾਰੀ ਗੱਡੀਆਂ 'ਚ ਹੂਟੇ ਦਿੱਤੇ ਜਾਂਦੇ ਸਨ, ਹੋਟਲਾਂ 'ਚ ਉਹਨਾ ਦੀ ਆਓ ਭਗਤ ਹੁੰਦੀ ਸੀ, ਬੰਦ ਕਰ ਦਿੱਤੇ ਗਏ। ਪਰ ਜਦੋਂ ਪ੍ਰਵਾਸੀ ਸਹਿਯੋਗ ਵੋਟਾਂ ਨੋਟਾਂ ਬਿਨ੍ਹਾਂ ਨਾ ਸਰਿਆ ਤਾਂ ਬਾਅਦ ਵਿੱਚ ਛੇਤੀ ਹੀ ਅਮਰੀਕਾ, ਕੈਨੇਡਾ ਅਤੇ ਅਸਟ੍ਰੇਲੀਆ 'ਚ ਸ਼੍ਰੋਮਣੀ ਅਕਾਲੀ ਦਲ ਦੀਆਂ ਕਈ ਇਕਾਈਆਂ ਸਥਾਪਤ ਕੀਤੀਆਂ। ਪਰ ਸ਼੍ਰੋਮਣੀ ਅਕਾਲੀ ਦਲ ਦੀ ਉਪਰਲੀ ਲੀਡਰਸ਼ਿਪ, ਕੋਟਕਪੂਰਾ ਗੋਲੀ ਕਾਂਡ ਅਤੇ ਬਹਿਬਲ ਕਲਾਂ 'ਚ ਗੁਰੂ ਗ੍ਰੰਥ ਸਾਹਿਬ ਦੀ ਬੇਹੁਰਮਤੀ ਕਾਰਨ, ਸ਼੍ਰੋਮਣੀ ਅਕਾਲੀ ਦਲ ਖਾਸ ਕਰਕੇ ਬਾਦਲਾਂ ਵਿਰੁੱਧ ਸਿੱਖਾਂ 'ਚ ਪੈਦਾ ਹੋਏ ਰੋਸ ਕਾਰਨ, ਉਹਨਾ ਦੇਸ਼ਾਂ 'ਚ ਆਪਣੇ ਪੈਰ ਨਹੀਂ ਜਮ੍ਹਾ ਸਕੀ। ਕਾਂਗਰਸੀ ਨੇਤਾਵਾਂ ਖਾਸ ਕਰਕੇ ਪੰਜਾਬੀ ਕਾਂਗਰਸੀ ਨੇਤਾਵਾਂ ਨੂੰ ਵੀ ਲਗਭਗ ਇਹੋ ਜਿਹੀ ਸਥਿਤੀ ਦਾ ਹੀ ਸਾਹਮਣਾ ਕਰਨਾ ਪਿਆ, ਜਿਸਦੇ ਉੱਚ ਨੇਤਾ ਸਮੇਤ ਮੁੱਖ ਮੰਤਰੀ ਅਮਰਿੰਦਰ ਸਿੰਘ ਪ੍ਰਵਾਸੀ ਪੰਜਾਬੀਆਂ ਦੇ ਕੋਲ ਨਾ ਪੁੱਜ ਸਕੇ ਅਤੇ ਨਾ ਹੀ ਉਹਨਾ ਦੀ ਹਿਮਾਇਤ ਪ੍ਰਾਪਤ ਕਰ ਸਕੇ।

ਅਕਾਲੀ ਅਤੇ ਕਾਂਗਰਸ ਦੇ ਪੰਜਾਬੀ ਆਗੂਆਂ ਨਾਲੋਂ ਆਮ ਆਦਮੀ ਪਾਰਟੀ ਦੇ ਆਗੂ ਵਿਦੇਸ਼ਾਂ ਵਿੱਚ ਵਧੇਰੇ ਸਰਗਰਮ ਹਨ। ਭਾਵੇਂ ਕਿ ਉਹਨਾ ਵਿਚੋਂ ਟੁੱਟਕੇ ਬਹੁਤ ਲੋਕ ਸੁਖਪਾਲ ਸਿੰਘ ਖਹਿਰਾ ਅਤੇ ਬੈਂਸ ਭਰਾਵਾਂ ਦੀਆਂ ਪਾਰਟੀਆਂ ਨਾਲ ਜੁੜੇ ਹਨ, ਪਰ ਖੱਖੜੀ ਖੱਖੜੀ ਹੋਈਆਂ ਇਹਨਾ ਧਿਰਾਂ ਨਾਲ ਵੀ ਪ੍ਰਵਾਸੀ ਪੰਜਾਬੀਆਂ ਦਾ ਹੁਣ ਬਹੁਤਾ ਤੇਹ-ਪਿਆਰ ਵੇਖਣ ਨੂੰ ਨਹੀਂ ਮਿਲ ਰਿਹਾ। ਕਦੇ ਕੇਜਰੀਵਾਲ, ਸੁੱਚਾ ਸਿੰਘ ਛੋਟੇਪੁਰ, ਭਗਵੰਤ ਮਾਨ ਜਿਹੇ ਨੇਤਾਵਾਂ ਨੂੰ ਪ੍ਰਵਾਸੀ ਹੱਥੀਂ ਛਾਵਾਂ ਕਰਦੇ ਸਨ, ਉਹਨਾ ਦੇ ਇੱਕ ਇਸ਼ਾਰੇ ਉਤੇ ਮਰ ਮਿਟਣ ਤੱਕ ਜਾਂਦੇ ਸਨ। ਹਜ਼ਾਰਾਂ, ਲੱਖਾਂ ਡਾਲਰ ਉਹਨਾ ਆਮ ਆਦਮੀ ਪਰਟੀ ਲਈ ਕੁਰਬਾਨ ਕਰ ਦਿੱਤੇ ਪਰ ਅੰਤ ਵਿੱਚ ਉਹਨਾ ਪੱਲੇ ਨਿਰਾਸ਼ਤਾ ਆਈ।

ਇਹੀ ਨਿਰਾਸ਼ਤਾ 2019 ਲੋਕ ਸਭਾ ਚੋਣਾਂ 'ਚ ਸਰਗਰਮੀ ਨਾਲ ਭਾਗ ਨਾ ਲੈਣ ਦਾ ਕਾਰਨ ਬਣੀ ਹੋਈ ਹੈ। ਹੁਣ ਵਾਲੀ ਪੰਜਾਬ ਦੀ ਕਾਂਗਰਸ ਸਰਕਾਰ ਤੋਂ ਵੀ ਕੁਝ ਪ੍ਰਵਾਸੀਆਂ ਨੂੰ ਆਸਾਂ ਸਨ ਕਿ ਇਹ ਸਰਕਾਰ ਉਹਨਾ ਦੀ ਜ਼ਮੀਨ ਜਾਇਦਾਦ ਦੀ ਰਾਖੀ ਲਈ ਵਿਸ਼ੇਸ਼ ਉਪਰਾਲੇ ਕਰੇਗੀ। ਉਹਨਾ ਨੂੰ ਬਣਦਾ ਸਰਦਾ ਸਤਿਕਾਰ ਦੇਵੇਗੀ ਪਰ ਕਾਂਗਰਸੀ ਸਰਕਾਰ ਵਲੋਂ ਪ੍ਰਵਾਸੀਆਂ ਦੀ ਐਨ.ਆਰ.ਆਈ. ਸਭਾ ਜਲੰਧਰ ਦੀ ਚੋਣ ਕਰਾਉਣ ਦਾ ਉਪਰਾਲਾ ਤੱਕ ਨਹੀਂ ਕੀਤਾ ਜਾ ਰਿਹਾ ਅਤੇ ਨਾ ਹੀ ਪ੍ਰਵਾਸੀ ਸੰਮੇਲਨ, ਜੋ ਹਰ ਵਰ੍ਹੇ ਕਰਾਏ ਜਾਂਦੇ ਸਨ, ਅਤੇ ਜਿਸਦੀ ਸ਼ੁਰੂਆਤ ਕਾਂਗਰਸ ਰਾਜ ਵੇਲੇ ਕੀਤੀ ਗਈ ਸੀ, ਕਰਾਉਣ ਦਾ ਉਦਮ ਕੀਤਾ ਜਾ ਰਿਹਾ ਹੈ। ਜਿਹੜੇ ਕਾਨੂੰਨ ਪੰਜਾਬੀ ਪ੍ਰਵਾਸੀਆਂ ਲਈ ਬਣੇ ਹੋਏ ਹਨ, ਉਹ ਵੀ ਪੂਰੀ ਤਰ੍ਹਾਂ ਲਾਗੂ ਨਹੀਂ ਹੋ ਰਹੇ। ਸਿੱਟੇ ਵਜੋਂ ਪ੍ਰਵਾਸੀ ਪੰਜਾਬੀਆਂ ਦੀ ਸਿਆਸੀ ਲੋਕਾਂ, ਸਿਆਸੀ ਪਾਰਟੀਆਂ ਅਤੇ ਇਥੋਂ ਦੇ ਪ੍ਰਾਸ਼ਾਨਿਕ ਪ੍ਰਬੰਧ ਪ੍ਰਤੀ ਉਦਾਸੀਨਤਾ ਦਾ ਵਧਣਾ ਸੁਭਾਵਕ ਹੈ।

2019 ਦੀਆਂ ਲੋਕ ਸਭਾ ਚੋਣਾਂ 'ਚ ਧਰਮਾਂ, ਵਰਗਾਂ, ਜਾਤਾਂ, ਫਿਰਕਿਆਂ ਅਤੇ ਘੱਟ ਗਿਣਤੀ ਧੜਿਆਂ ਵਿੱਚ ਵੰਡ ਸਾਫ਼ ਦਿਖਾਈ ਦਿੰਦੀ ਹੈ। ਆਰਥਿਕ ਅਪਰਾਧੀ ਅਤੇ ਅਮੀਰ ਵੱਧ ਚੜ੍ਹਕੇ ਚੋਣਾਂ ਲੜ ਰਹੇ ਹਨ। ਕਾਲੇ ਧੰਨ ਦੀ ਵਰਤੋਂ ਸ਼ਰੇਆਮ ਹੋ ਰਹੀ ਹੈ। ਭ੍ਰਿਸ਼ਟ ਆਗੂਆਂ ਅਤੇ ਅਧਿਕਾਰੀਆਂ ਵਲੋਂ ਗੈਰ-ਸੰਵਿਧਾਨਿਕ ਅਤੇ ਗੈਰ-ਕਾਨੂੰਨੀ ਛੋਟਾਂ ਅਤੇ ਆਰਥਿਕ ਸਹੂਲਤਾਂ ਕਾਰਨ ਭਾਰਤ ਕਈ ਪੱਖੋਂ ਬਿਮਾਰ ਲੋਕ ਰਾਜ ਦਾ ਨਮੂਨਾ, ਝਲਕਾਰਾ ਅਤੇ ਪ੍ਰਭਾਵ ਦੇਣ ਲੱਗ ਪਿਆ ਹੈ। ਇਸੇ ਕਰਕੇ ਪ੍ਰਵਾਸੀ ਭਾਰਤੀ ਆਪਣੇ ਪਿਆਰੇ ਦੇਸ਼ 'ਚ ਕੁਝ ਸੁਧਾਰ ਲਈ ਤਤਪਰ ਦਿਸਦੇ ਸਨ।

ਲਗਭਗ ਡੇਢ ਸੌ ਸਾਲਾਂ ਤੋਂ ਭਾਰਤ ਤੋਂ ਬਾਹਰ ਵੱਸਦੇ ਅਤੇ ਵਿਚਰਦੇ ਪ੍ਰਵਾਸੀ ਅਤੇ ਵਿਦੇਸ਼ੀ ਭਾਰਤੀਆਂ ਦਾ ਇੱਕ ਵਿਸ਼ੇਸ਼ ਵਰਗ ਹੈ, ਜਿਸ ਵਿੱਚ ਵਧੇਰੇ ਮਿਹਨਤਕਸ਼ ਅਤੇ ਕਾਬਲ ਪੰਜਾਬੀਆਂ ਅਤੇ ਧੁਰ-ਪੂਰਬ ਤੇ ਅਫ਼ਰੀਕਾ ਮਹਾਂਦੀਪ ਵਿੱਚ ਵੱਸਦੇ ਅਤੇ ਵਪਾਰ ਕਰਦੇ ਗੁਜਰਾਤੀਆਂ ਦਾ ਹੈ, ਜੋ ਇਸ ਵੇਲੇ ਉਤਰੀ ਅਮਰੀਕਾ, ਯੂਰਪ, ਅਫ਼ਰੀਕਾ ਅਤੇ ਅਸਟਰੇਲੀਆ ਮਹਾਂਦੀਪਾਂ ਦੇ 49 ਦੇਸ਼ਾਂ ਵਿੱਚ ਘੁੱਗ ਵਸਦੇ ਅਤੇ 160 ਦੇਸ਼ਾਂ ਵਿੱਚ ਡੰਗ ਟਪਾਊ ਅਤੇ ਅਸਥਾਈ ਰੁਜ਼ਗਾਰ ਤੇ ਵਪਾਰ ਪੱਖੋਂ ਵਿਚਰਦੇ ਹਨ ਅਤੇ ਜਿਹੜੇ ਆਪਣੀਆਂ ਜੜ੍ਹਾਂ ਅਤੇ ਪਿਤਾ-ਪੁਰਖਾਂ ਦੇ ਪਿੰਡਾਂ, ਸ਼ਹਿਰਾਂ, ਕਸਬਿਆਂ ਅਤੇ ਧਾਰਮਿਕ ਅਸਥਾਨਾਂ ਨਾਲ ਜੁੜੇ ਹੋਏ ਹਨ।

ਪ੍ਰਵਾਸੀ ਪੰਜਾਬੀਆਂ ਪੰਜਾਬ ਦੇ ਵਿਕਾਸ ਪਾਉਣ ਦਾ ਯਤਨ ਕੀਤਾ। ਧਰਮ ਅਸਥਾਨ, ਹਸਪਤਾਲ, ਸੀਵਰੇਜ, ਸਟੇਡੀਅਮ ਆਦਿ ਦੀ ਉਸਾਰੀ ਕਰਾਈ। ਟੂਰਨਾਮੈਂਟ ਕਰਵਾਏ, ਖੇਡਾਂ ਨੂੰ ਉਤਸ਼ਾਹਿਤ ਕੀਤਾ। ਪਰ ਉਹਨਾਂ ਦੀ ਵਿਸ਼ੇਸ਼ ਤਾਂਘ ਆਪਣੇ ਦੇਸ਼ ਨੂੰ ਭ੍ਰਿਸ਼ਟਾਚਾਰ ਮੁਕਤ ਕਰਨਾ ਹੈ। ਉਹ ਆਪਣੇ ਪਿੰਡਾਂ ਸ਼ਹਿਰਾਂ 'ਚ ਉਸੇ ਕਿਸਮ ਦੀਆਂ ਸਹੂਲਤਾਂ, ਨਾਗਰਿਕ ਹੱਕ ਦਵਾਉਣ ਦੇ ਚਾਹਵਾਨ ਹਨ, ਜਿਹਨਾ ਨੂੰ ਉਹ ਆਪ ਹੰਢਾ ਰਹੇ ਹਨ। ਇਸੇ ਕਰਕੇ ਉਹ ਆਪਣੇ ਦੇਸ਼ 'ਚ ਸੁਚੱਜੀ ਸਰਕਾਰ ਦੇ ਚਾਹਵਾਨ ਰਹੇ ਹਨ। ਪਰ ਕੁਰਸੀਆਂ ਹਥਿਆਉਣ ਲਈ ਹਰ ਹੀਲਾ ਵਰਤਣ ਵਾਲੇ ਨੇਤਾਵਾਂ ਨੇ ਪਿਛਲੇ ਸਮੇਂ 'ਚ ਪ੍ਰਵਾਸੀਆਂ ਦੇ ਸੁਫਨੇ ਚੂਰ- ਚੂਰ ਕੀਤੇ ਹਨ। ਸ਼ਾਇਦ ਇਸੇ ਕਰਕੇ ਪ੍ਰਵਾਸੀ ਖਾਸ ਕਰਕੇ ਕੈਨੇਡਾ, ਅਮਰੀਕਾ ਵਸਦੇ ਪ੍ਰਵਾਸੀ ਪੰਜਾਬੀ "ਗੰਦਲੀ ਭਾਰਤੀ ਸਿਆਸਤ" ਤੋਂ ਮੂੰਹ ਫੇਰ ਬੈਠੇ ਹਨ ਅਤੇ 2019 ਦੀਆਂ ਲੋਕ ਸਭਾ ਚੋਣਾਂ 'ਚ ਕੋਈ ਖਾਸ ਦਿਲਚਸਪੀ ਨਹੀਂ ਦਿਖਾ ਰਹੇ......."ਬਾਅਜ ਆਏ ਐਸੀ ਮੁਹੱਬਤ ਸੇ,ਉਠਾ ਲੇਂ ਪਾਨਦਾਨ ਅਪਨਾ......."।

# 'ਜੋ ਜਨ ਤੁਮਰੀ ਭਗਤਿ ਕਰੰਤੇ, ਤਿੰਨ ਕੇ ਕਾਰਜ ਸਵਾਰਤਾ'

ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ।। (ਆਸਾ ਰਾਗ ਮਹਲਾ 5. ।।੨।।)

ਸ਼ਬਦ ਦੀ ਅਖੀਰਲੀ ਤੁਕ ਵਿਚ ਵਰਤਿਆ 'ਧੰਨਾ ਵਡਭਾਗਾ' ਵਾਕ, ਸੂਚਿਤ ਕਰਦਾ ਹੈ ਕਿ ਮੂਲ ਰੂਪ ਵਿਚ ਸ਼ਬਦ ਧੰਨਾ ਜੀ ਦਾ ਹੀ ਹੈ।

ਗੋਪਾਲ ਤੇਰਾ ਆਰਤਾ।।
ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ।।੧।। ਰਹਾਉ।।
ਦਾਲਿ ਸੀਧਾ ਮਾਗਉ ਘੀਉ।। ਹਮਰਾ ਖੁਸੀ ਕਰੈ ਨਿਤ ਜੀਉ।।੧।।
ਪਨੀਆ ਛਾਦਨ ਨੀਕਾ।। ਅਨਾਜ ਮਾਗਉ ਸਤ ਸੀ ਕਾ।।੧।।
ਗਊ ਭੈਸ ਮਰਾਉ ਲਾਵੇਰੀ। ਇਕ ਤਾਜਨਿ ਤੁਰੀ ਚੰਗੇਰੀ।।
ਘਰ ਕੀ ਗੀਹਨਿ ਚੰਗੀ।। ਜਨੁ ਧੰਨਾ ਲੇਵੈ ਮੰਗੀ।।੨।।੧।।(ਰਾਗ ਧਨਾਸਰੀ ਧੰਨਾ ਜੀ)

ਸਤਿਗੁਰੂ ਧੰਨਾ ਜੀ ਨੇ ਇਸ ਪਦੇ ਵਿਚ ਆਪਣੀ ਪੇਟ ਪੂਰਤੀ ਲਈ ਜ਼ਰੂਰਤਾਂ ਦੱਸ ਕੇ, ਦਾਲ, ਸੀਧਾ, ਘਿਉ ਮੰਗਿਆ ਹੈ। ਜੁੱਤੀ, ਕੱਪੜਾ, ਚੰਗੀ ਅਰਬੀ ਘੋੜੀ, ਸੋਹਣੀ ਔਰਤ ਦੀ ਮੰਗ ਕੀਤੀ ਹੈ। ਸਤ ਸੀਕਾ, ਸਤ ਵਾਰੀ ਪੈਲੀ ਵਾਹ ਕੇ ਬੀਜਿਆ ਅੰਨ, ਗਊ, ਮੱਝ, ਦੁੱਧ ਦੇਣ ਵਾਲੀ ਲਵੇਰੀ ਮੰਗੀ ਹੈ। ਰੋਜ਼ ਦੀਆਂ ਲੋੜਾਂ ਪੂਰੀਆਂ ਕਰਨ ਦਾ ਵੇਰਵਾ ਸਹਿਤ ਚੰਗੀ ਵਿਆਖਿਆ ਅਤੇ ਜ਼ਿੰਦਗੀ ਦੀਆਂ ਲੋੜਾਂ ਅਤੇ ਥੁੜਾਂ ਦੀ ਪੂਰਤੀ ਦਾ ਚੰਗਾ ਵੇਰਵਾ ਦਿੱਤਾ ਹੈ।

ਆਪਣੇ ਸਾਰੇ ਕਾਰਜ ਹੱਲ ਕਰਨ ਲਈ ਪ੍ਰਮਾਤਮਾ ਅੱਗੇ ਖੁੱਲ੍ਹ ਕੇ ਪੁਕਾਰ ਕੀਤੀ ਹੈ। ਇਕ ਕੇਂਦਰੀ ਨੁਕਤਾ ਹੈ- 'ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ' ਹੋਰ ਆਰਤੀਆਂ ਕਰਨ ਵਾਲੇ ਦੇਵਤੇ ਨੂੰ ਕਿਸ ਤਰ੍ਹਾਂ ਇੱਛਾ ਦੀ ਪੂਰਤੀ ਲਈ ਰਿਝਾਉਂਦੇ ਹਨ, ਇਹ ਉਹ ਜਾਨਣ। ਧੰਨੇ ਨੂੰ ਭਗਤੀ ਕਰਨ ਲਈ ਸਰੀਰ ਦੀ ਖੁਰਾਕ, ਜੀਵਨ ਜਿਊਣ ਲਈ ਨਿੱਤ ਵਰਤੋਂ ਦੀਆਂ ਚੀਜ਼ਾਂ ਦੀ ਲੋੜ ਸਭ ਤੋਂ ਪਹਿਲਾਂ ਹੈ। ਭਗਤਾਂ ਦੇ ਕਾਰਜ ਸੰਵਾਰਨ ਵਾਲੇ ਪ੍ਰਭੂ ਅੱਗੇ ਉਹਨਾਂ ਨੇ ਇਹ ਅਰਦਾਸ-ਬੇਨਤੀ ਨਿਰਸੰਕੋਚ ਹੋ ਕੇ ਕੀਤੀ ਹੈ।

ਸਤਿਗੁਰੂ ਧੰਨਾ ਜੀ ਦੀ 'ਗੁਰੂ ਗ੍ਰੰਥ ਸਾਹਿਬ' ਵਿਚਲੀ ਦਰਜ ਬਾਣੀ ਤੋਂ ਇਲਾਵਾ ਹੋਰ ਬਾਹਰਲੀ ਬਾਣੀ ਵੀ ਮਿਲਦੀ ਹੈ, ਜਿਸ ਵਿਚੋਂ ਉਹਨਾਂ ਦੇ ਨਿਰਗੁਣਵਾਦੀ ਵਿਚਾਰਾਂ ਦੀ ਸਾਫ ਝਲਕ ਦੇਖੀ ਜਾ ਸਕਦੀ ਹੈ। ਉਨ੍ਹਾਂ ਦੇ ਦੋ ਪਦਿਆਂ ਵਿਚੋਂ ਇਹ ਪਤਾ ਲੱਗਦਾ ਹੈ ਕਿ ਮਨੁੱਖ ਨੂੰ ਇਸ਼ਨਾਨ ਦਾ ਲਾਭ ਲੈਣ ਦੀ ਕਾਮਨਾ, ਤੀਰਥਾਂ ਦੇ ਭ੍ਰਮਣ ਤੋਂ ਉਲਟ, ਸ਼ੁਭ ਕਰਮਾਂ ਦੀ ਸਿੱਖਿਆ ਹੈ। ਜਿਸ ਦੇ ਅੰਗਾਂ ਵਿਚੋਂ ਅਨੁਪਮ ਬਾਸ (ਸੁਗੰਧ) ਉਠ ਰਹੀ ਹੈ। ਚੰਦਨ ਲੇਵ ਫੁੱਲ ਪੱਤੀਆਂ, ਭਾਰ ਅਠਾਰਹ ਜਿਸ ਦੇ ਰੋਮ ਮਾਤਰ ਨਹੀਂ। ਜਿਸਨੂੰ ਸਹਿਜ ਭਾਵ ਸੈਂਕੜੇ ਜੀਭਾਂ ਵਾਲਾ ਸ਼ੇਸ਼ਨਾਗ ਹਰ ਸਮੇਂ ਨਵੀਂ ਤੋਂ ਨਵੀਂ ਉਪਮਾ ਦੇ ਕੇ ਅਰਾਧਦਾ ਹੈ, ਜਿਸ ਨੂੰ ਨਾਰਦ ਸਨਕ ਸਨੰਦਨ (ਬ੍ਰਹਿਮੇ ਦੇ ਪੁੱਤਰ) ਪਵਨ ਪੁੱਤਰ (ਹਨੂਮਾਨ) ਸ਼ਿਵ, ਅਪੱਛਰਾਂ ਆਦਿ ਤਾਲ ਦੇ-ਦੇ ਕੇ ਗਾਉਂਦੇ ਹਨ। ਉਸ ਅਣਗਿਣਤੀ ਮਹਿਮਾ ਦੇ ਮਾਲਕ, ਗੋਪਾਲ, ਅਗਮ ਅਗੋਚਰ ਦੀ ਵਿਸਮਾਦੀ ਮਹਿਮਾ ਕਿੰਨੀ ਕੁ ਕਹੀ ਜਾ ਸਕਦੀ ਹੈ? ਕੌਣ ਕਹਿ ਸਕਦਾ ਹੈ? ਸਤਿਗੁਰੂ ਧੰਨਾ ਜੀ ਕਹਿੰਦੇ ਹਨ ਜਿਹਨਾਂ ਨੇ ਪ੍ਰਮਾਰਥ ਦਾ ਅਰਥ ਜਾਣ ਲਿਆ, ਉਹਨਾਂ ਨੇ ਸਹਿਜ ਵਿਚ ਆਪਣੇ ਆਪ ਨੂੰ ਸਮਾ ਲਿਆ ਹੈ। ਸਹਿਜ ਉਹਨਾਂ ਵਿਚ ਸਮਾ ਗਿਆ ਹੈ।

ਹਰਿ ਗੁਣ ਗਾਈ ਰੇ, ਹਰਿ ਗੁਣ ਗਾਈ ਰੇ, ਔਰ ਛਾਡਿ ਸਬੈ ਚਤੁਰਾਈ ਟੇਕ।
ਚਰਣ ਗੰਗਾ ਗਹਿ ਨੀਰੂ, ਪਅਿਬੰਰ ਕਿਊ ਸੋਭੈ ਤਾਸ।
ਚੰਲਨਿ ਕਿਸੋ ਕਰੋ ਹਰਿ ਲੇਪਨ, ਜਾਕੈ ਅੰਗ ਅਨੂਪਮ ਬਾਸ।
ਅਗਰ ਚੰਦਨ ਘਸਿ ਧੂਪ ਖਿਡਾਣੋ, ਕੌਣ ਬਾਸ ਮਨਿ ਰਾਗ ਰਲੀ।
ਪਤਰੀ ਪੂਰਖ ਕਿਸੈ ਬਨਿ ਆਣੋ, ਜਾਕੈ ਭਾਰ ਅਠਾਹਰ ਰੋਮਾਵਲੀ।
ਪੂਜਾ ਭਗਤਿ ਕਿਸੀ ਮਲ ਮਾਨੋ, ਜਾਕੈ ਸਨਕ ਸਨਦੰਨ ਭਗਤ ਸੁਕਾਦਿ।
ਸੇਸ ਸਹਜ ਮੁਖ ਨਾਉ ਅਰਾਧੇ, ਪਵਨ ਪੂਤ ਜਾਕੇ ਬ੍ਰਹਿਮਾਦਿ।
ਜਾਕੈ ਨਾਰਦ ਨਿਰਤ ਨੰਦਾ ਰਸ ਸੰਕਰ ਆਪ ਅਪਛਰਾ ਤੋੜੇ ਤਾਲ।
ਅਣਗਿਣਤੀ ਮਹਿਮਾ ਰਾਮ ਤੁਮਹਾਰੀ, ਮੈਂ ਕਾ ਗੁਣ ਜਾਣੁ ਗੋਪਾਲ।
ਅਬਿਅਗਤ ਅਗਮ ਬਸਮ ਕਠਿਨਾਈ ਕਹਿ ਕਹਿ ਕਹੁ ਕੀ ਲੀਉ ਜਾਈ।
ਕਹੋ ਧੰਨਾ ਅਰਥ ਪਰਮਾਰਥ, ਜਿਨਿ ਪਾਇਓ ਤਿਨਿ ਸਹਜ ਸੁਮਾਈ।

ਦੂਸਰੇ ਪਦੇ ਵਿਚ ਭੀ ਪ੍ਰਭੂ ਮਹਿਮਾ ਦਾ ਵਰਣਨ ਹੈ, ਜਿਸ ਦੇ ਗੁਣਗਾਨ ਨਾਲ ਦੁੱਖ ਹਰੇ ਜਾਂਦੇ ਹਨ।

ਊਧੋ, ਅੰਬ੍ਰੀਕ, ਸੁਦਾਮਾ, ਪ੍ਰਹਿਲਾਦ, ਨਾਮਾ, ਸਨਕਾਦਕ ਆਦਿ ਉਸਦੇ ਚਰਨਾਂ ਦੀ ਪ੍ਰਾਪਤੀ ਕਾਰਨ ਧੰਨਾ ਜੀ ਕਹਿੰਦੇ ਹਨ, ਊਧਰ ਗਏ। ਗੁਰੂ ਕ੍ਰਿਪਾ ਭਾਵ ਗੁਰ ਪ੍ਰਸਾਦਿ ਨਾਲ ਮੈਂ ਵੀ ਉਹ ਪਰਮਾ ਪਦ ਪਾਇਆ ਹੈ। ਇਹਨਾਂ ਪਦਿਆਂ ਵਿਚ ਧੰਨਾ ਜੀ ਦੇ ਵਿਚਾਰਾਂ ਦੀ ਪਕਿਆਈ ਨਜ਼ਰ ਆਉਂਦੀ ਹੈ। ਆਰੰਭਕ ਖਿਆਲਾਂ ਵਾਲੀ ਬੇਚੈਨੀ ਨਹੀਂ ਹੈ। ਪ੍ਰਭੂ ਦੇ ਗੁਣਾਂ ਦੀ ਵਡਿਆਈ ਅਨੰਦਮਈ ਸੰਗੀਤ ਵਾਂਗ ਹੈ।

'ਗੁਰੂ ਗ੍ਰੰਥ ਸਾਹਿਬ' ਦੀ ਬਾਣੀ ਗੁਰੂ ਰੂਪ ਹੈ, ਉਸਦੇ ਇਕ ਭਾਵ ਦੇ ਸ਼ਬਦ ਵਿਚਾਰਾਂ ਦੀ ਇਹੋ ਹੀ ਸਵਰ ਹੈ। ਇਕ ਅਕਾਲ ਪੂਜਾ ਦੀ ਸੇਧ ਦੇਣ ਵਾਲੀ ਹੈ।' ਇਕਾ ਬਾਣੀ ਇਕ ਗੁਰ ਇਕੋ ਸ਼ਬਦ ਵਿਚਾਰ'। 'ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਸਭ ਭਗਤਾਂ ਦੀ ਬਾਣੀ ਨੂੰ 'ਸ਼ਬਦ ਗੁਰੂ' ਦਾ ਦਰਜਾ ਪ੍ਰਾਪਤ ਹੈ ਤੇ ਇਹੀ ਗੱਲ ਗੁਰੂ ਸਾਹਿਬ ਦੇ 'ਸਮਾਜਿਕ ਬਰਾਬਰੀ ਦੇ ਸਿਧਾਂਤ' ਨੂੰ ਪ੍ਰਮਾਣਿਤ ਕਰਦੀ ਹੈ ਤੇ 'ਭਗਤਾਂ ਨੂੰ ਸਤਿਗੁਰੂ' ਦਾ ਦਰਜਾ ਵੀ ਪ੍ਰਦਾਨ ਕਰਦੀ ਹੈ।

ਸਤਿਗੁਰੂ ਧੰਨਾ ਜੀ ਜਿੱਥੇ ਖੇਤੀ ਕਰਦੇ ਸਨ, ਉਥੇ ਇਕ ਤਲਾਬ ਬਣਾ ਦਿੱਤਾ ਹੈ। ਜਿਸ ਦਾ ਨਾਮ 'ਮੋਤੀ ਤਲਾਬ' ਰੱਖਿਆ ਹੈ। ਆਜ਼ਾਦੀ ਤੋਂ ਬਾਅਦ ਇਸ ਨੂੰ 'ਮੋਤੀ ਨਗਰ ਧਾਮ' ਵਿਚ ਬਦਲ ਦਿੱਤਾ ਗਿਆ ਹੈ। ਅੱਜ ਵੀ ਰਾਜਿਸਥਾਨ ਵਿਚ ਇਹ ਅਖਾਣ ਬਣ ਗਿਆ ਹੈ ਕਿ ਜਦੋਂ ਲੋਕ ਆਪਣੇ ਖੇਤ ਵਿਚ ਹਲ਼ ਚਲਾਉਂਦੇ ਹਲ਼ ਤਾਂ ਅਕਸਰ ਸਤਿਗੁਰੂ ਧੰਨਾ ਜੀ ਨੂੰ ਯਾਦ ਕਰਦਿਆਂ ਗਾਉਂਦੇ ਹਲ਼:-

'ਧੰਨੇ ਜਾਟ ਕਾ ਹਰਿਸੋ ਹੇਤ,
ਬਿਨ ਬੀਜ ਕੇ ਨਿਪਜਾ ਖੇਤ।

ਸਤਿਗੁਰੂ ਧੰਨਾ ਜੀ ਨੇ ਇਕ ਮੰਦਰ ਵੀ ਬਣਵਾਇਆ, ਜਿਸ 'ਤੇ ਆਪਣੇ ਗੁਰੂ ਸੁਆਮੀ ਰਾਮਾਨੰਦ ਜੀ ਦਾ ਨਾਂ ਵੀ ਲਿਖਵਾਇਆ ਤੇ ਇਸ ਮੰਦਰ ਦੇ ਬਣਨ ਦਾ ਸਮਾਂ ਸੰਮਤ 1535 ਲਿਖਿਆ ਹੋਇਆ ਹੈ। ਸਤਿਗੁਰੂ ਧੰਨਾ ਜੀ ਦੀ ਯਾਦ ਵਿਚ ਉਹਨਾਂ ਦੇ ਜਨਮ ਸਥਾਨ ਪਿੰਡ ਧੁਆਨ (ਧੂਆਂ) ਵਿਖੇ ਇਕ ਬਹੁਤ ਹੀ ਸੁੰਦਰ 'ਗੁਰਦੁਆਰਾ ਸਾਹਿਬ' ਵੀ ਬਣਿਆ ਹੋਇਆ ਹੈ।

ਸਤਿਗੁਰੂ ਧੰਨਾ ਜੀ ਦੇ ਜੀਵਨ ਨਾਲ ਬਹੁਤ ਹੀ ਕਰਾਮਾਤਾਂ ਜੁੜੀਆਂ ਹੋਈਆਂ ਹਲ਼। ਇਹ ਕਰਾਮਾਤਾਂ ਦੀ ਚਰਚਾ ਅੱਜ ਵੀ ਉਹਨਾਂ ਦੇ ਪਿੰਡ ਧੁਆਨ ਕਲਾਂ ਵਿਚ ਲੋਕ ਸੁਣਾਉਂਦੇ ਹਲ਼ ਪਰ ਇਹਨਾਂ ਨੂੰ ਯਥਾਰਥਵਾਦੀ ਨਹੀਂ ਮੰਨਿਆ ਜਾ ਸਕਦਾ। ਗੁਰਮਤਿ ਦੇ ਸਿਧਾਂਤ ਅਨੁਸਾਰ ਕਰਾਮਾਤਾਂ ਨੂੰ ਸਿੱਖ ਧਰਮ ਵਿਚ ਕੋਈ ਸਥਾਨ ਨਹੀਂ। ਇਹ ਕੇਵਲ ਉਹਨਾਂ ਦੇ ਸ਼ਰਧਾਲੂਆਂ ਵੱਲੋਂ ਹੀ ਧੰਨਾ ਜੀ ਦੇ ਜੀਵਨ ਨਾਲ ਜੋੜੀਆਂ ਗਈਆਂ ਮਿੱਥਾਂ ਹਲ਼। ਪੱਥਰਾਂ ਵਿਚੋਂ ਰੱਬ ਨੂੰ ਪਾਉਣਾ, ਤੁੰਮਿਆਂ ਵਿਚੋਂ ਕਣਕ ਦੇ ਦਾਣੇ ਨਿਕਲਣਾ, ਥੋੜ੍ਹੀ ਜਿਹੀ ਮਿੱਟੀ ਧੰਨਾ ਜੀ ਦੇ ਖੇਤਾਂ ਵਿਚੋਂ ਲਿਆ ਕੇ ਆਪਣੇ ਖੇਤਾਂ ਵਿਚ ਪਾਉਣਾ ਤੇ ਕਹਿਣਾ, ਇਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਬਹੁਤ ਵਧਦੀ ਹੈ ਆਦਿਕ ਨੂੰ ਵਿਗਿਆਨਕ ਨਜ਼ਰੀਏ ਤੋਂ ਮੰਨਿਆ ਨਹੀਂ ਜਾ ਸਕਦਾ। ਧੰਨਾ ਜੀ ਤਾਂ ਇਕ ਮਹਾਨ ਕਿਰਤੀ ਸਨ ਜੋ ਖੇਤੀਬਾੜੀ ਕਰਕੇ ਆਪਣਾ ਗੁਜ਼ਾਰਾ ਕਰਦੇ ਸਨ। ਵੰਡ ਕੇ ਛਕਦੇ ਸਨ ਤੇ ਰੱਬ ਦਾ ਨਾਮ ਲੈਂਦੇ ਸਨ।

'ਗੁਰੂ ਗ੍ਰੰਥ ਸਾਹਿਬ' ਵਿਚ ਉਹਨਾਂ ਦਾ ਸਤਿਕਾਰ ਕਰਾਮਾਤਾਂ ਕਰਕੇ ਨਹੀਂ ਹੈ, ਸਗੋਂ ਉਹਨਾਂ ਦੇ ਹਿਰਦੇ ਵਿਚ ਪ੍ਰਭੂ ਦੇ ਵਾਸ ਕਰ ਜਾਣ ਕਰਕੇ ਹੈ। ਉਹਨਾਂ ਦਾ ਨਾਮ ਭਗਤੀ ਲਹਿਰ ਦੇ ਮਹਾਨ ਗੁਰੂ ਭਗਤਾਂ ਦੀ ਸੂਚੀ ਵਿਚ ਆਉਂਦਾ ਹੈ। ਉਹਨਾਂ ਦਾ ਮਾਨਸਿਕ ਵਿਕਾਸ ਸਰਗੁਣ ਧਾਰਾ ਤੋਂ ਨਿਰਗੁਣ ਦੀ ਧਾਰਾ ਵੱਲ ਵਿਕਾਸ ਕਰਦਾ ਹੈ। ਜੋ ਉਹਨਾਂ ਨੂੰ ਇਕ ਪ੍ਰਗਤੀਵਾਦੀ ਬਣਾਉਂਦਾ ਹੈ।

ਇਸੇ ਕਰਕੇ ਹੀ ਉਹ ਅਵਿਦਿਅਕ ਹੋਣ ਕਰਕੇ ਵੀ ਪਰਮ-ਪੁਰਖ ਪ੍ਰਮਾਤਮਾ ਦੀ ਪ੍ਰਾਪਤੀ ਕਰ ਲੈਂਦੇ ਹਨ। ਉਹਨਾਂ ਦੀਆਂ ਸਿੱਖਿਆਵਾਂ ਸਾਨੂੰ ਸਦਾ ਹੀ ਅੰਧੇਰੇ ਤੋਂ ਰੌਸ਼ਨੀ ਵੱਲ ਮਾਰਗ ਦਰਸ਼ਨ ਕਰਦੀਆਂ ਰਹਿਣਗੀਆਂ। ਉਹਨਾਂ ਦੇ 604 ਵੇਂ ਜਨਮ ਦਿਨ ਤੇ ਮੇਰੇ ਵੱਲੋਂ ਸਮੁੱਚੀ ਲੋਕਾਈ ਨੂੰ ਬਹੁਤ-ਬਹੁਤ ਵਧਾਈ ਹੋਵੇ ਜੀ।

# ਧਰਮ ਹੇਤ ਸਾਕਾ ਕਰਨ ਵਾਲੇ ਗੁਰੂ ਤੇਗ ਬਹਾਦਰ ਜੀ

ਰਮੇਸ਼ ਬੱਗਾ ਚੋਹਲਾ
91-94631-32719



ਬਲੀਦਾਨ ਦੀ ਭਾਵਨਾ ਬਹੁਤ ਹੀ ਉੱਚੀ ਅਤੇ ਸੁੱਚੀ ਭਾਵਨਾ ਹੁੰਦੀ ਹੈ। ਇਹ ਭਾਵਨਾ ਵਿਰਲਿਆਂ-ਟਾਂਵਿਆਂ ਮਨੁੱਖਾਂ ਵਿੱਚ ਹੀ ਉਪਜਦੀ ਹੈ, ਪਰ ਜਿਨ੍ਹਾਂ ਮਨੁੱਖਾਂ ਵਿੱਚ ਉਪਜ ਪੈਂਦੀ ਹੈ,ਉਹ ਸਦੀਵੀ ਤੌਰ 'ਤੇ ਅਮਰ ਹੋ ਜਾਂਦੇ ਹਨ।ਇਸ ਅਮਰਤਾ ਦੀ ਪਦਵੀ ਤੱਕ ਪਹੁੰਚ ਕਰਨ ਲਈ ਉਨ੍ਹਾਂ ਮਰਜੀਵੜਿਆਂ ਨੂੰ 'ਸੀਸ ਤਲੀ' 'ਤੇ ਧਰ ਕੇ ਸ਼ਹਾਦਤਾਂ ਦੇ ਜਾਮ ਵੀ ਪੀਣੇ ਪੈਂਦੇ ਹਨ। ਵਕਤ ਦੀਆਂ ਹਕੂਮਤਾਂ ਇਨ੍ਹਾਂ ਸਿਰਲੱਥ ਸੂਰਮਿਆਂ ਨੂੰ ਬੇਸ਼ੱਕ ਲਾਲਚ ਜਾਂ ਡਰਾਵੇ ਦੇਈ ਜਾਣ ਪਰ ਧਾਰਮਿਕ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੀ ਹਾਮੀ ਭਰਨ ਵਾਲੇ ਇਹ ਮਹਾਂਪੁਰਖ ਕਿਸੇ ਵੀ ਕਿਸਮ ਦੀ ਕੁਰਬਾਨੀ ਕਰਨ ਲੱਗਿਆਂ ਕੰਨੀਂ ਨਹੀਂ ਕਤਰਾਉਂਦੇ। ਇਸੇ ਤਰ੍ਹਾਂ ਦੀ ਹੀ ਕੁਰਬਾਨੀ ਦੇ ਪਾਤਰ ਹਨ, ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ।

ਗੁਰਮਤਿ ਦੇ ਜਵੀਏ ਤੋਂ ਸੂਰਮੇ ਦੋ ਕਿਸਮ ਦੇ ਹੁੰਦੇ ਹਨ। ਇੱਕ ਸੂਰਮਾ ਉਹ ਹੁੰਦਾ ਹੈ, ਜਿਸ ਨੇ ਵਾਹਿਗੁਰੂ ਦੀ ਕ੍ਰਿਪਾ ਨਾਲ ਆਪਣੀ ਮੈਂ (ਹਉਮੈ) ਨੂੰ ਮਾਰ ਲਿਆ ਹੁੰਦਾ ਹੈ। ਦੂਸਰਾ ਸੂਰਮਾ ਉਹ ਹੁੰਦਾ ਹੈ, ਜੋ ਨਿਮਾਣਿਆਂ ਦਾ ਮਾਣ ਅਤੇ ਨਿਤਾਣਿਆਂ ਦਾ ਤਾਣ ਬਣਨ ਲਈ ਆਪਣੀ ਆਵਾਜ਼ ਨੂੰ ਬੁਲੰਦ ਕਰਦਾ ਹੈ। ਮਜ਼ਲੂਮਾਂ ਦੀ ਖਾਤਰ ਉਸ ਵੱਲੋਂ ਉਠਾਈ ਗਈ ਆਵਾਜ਼ ਜਦੋਂ ਸਮੇਂ ਦੀਆਂ ਸਰਕਾਰਾਂ ਦੇ ਕੰਨਾਂ ਤੱਕ ਪਹੁੰਚਦੀ ਹੈ ਤਾਂ ਉਨ੍ਹਾਂ ਜ਼ਾਲਮ ਸਰਕਾਰਾਂ ਅਤੇ ਉਨ੍ਹਾਂ ਦੇ ਝੋਲੀ ਚੁੱਕਾਂ ਵੱਲੋਂ ਉਸ ਹੱਕ ਸੱਚ ਦੀ ਆਵਾਜ਼ ਨੂੰ ਦਬਾਉਣ ਦੀਆਂ ਕਈ ਕੋਝੀਆਂ ਅਤੇ ਗੈਰ ਮਨੁੱਖੀ ਚਾਲਾਂ ਵੀ ਚੱਲੀਆਂ ਜਾਂਦੀਆਂ ਹਨ। ਸੱਤਾਧਾਰੀ ਧਿਰ ਭਾਵੇਂ ਵਕਤੀ ਤੌਰ 'ਤੇ ਇਨ੍ਹਾਂ ਚਾਲਾਂ ਵਿੱਚ ਕਾਮਯਾਬ ਵੀ ਹੋ ਜਾਵੇ ਪਰ ਜਿੱਤ ਹਮੇਸ਼ਾਂ ਸੱਚ ਅਤੇ ਇਸ 'ਤੇ ਪਹਿਰਾ ਦੇਣ ਵਾਲਿਆਂ ਦੀ ਹੀ ਹੁੰਦੀ ਹੈ। ਇਸ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਨੂੰ ਵੀ ਅਸੀਂ ਸਮੇਂ ਦੇ ਸੱਚ ਅਤੇ ਉਸ ਉੱਤੇ ਡੱਟ ਕੇ ਕੀਤੀ ਗਈ ਪਹਿਰੇਦਾਰੀ ਦੇ ਸੰਦਰਭ ਵਿੱਚ ਹੀ ਵੇਖ ਸਕਦੇ ਹਾਂ। ਇਸ ਤਰ੍ਹਾਂ ਦੀ ਪਹਿਰੇਦਾਰੀ ਕਰਨ ਲਈ ਆਪਣੀ ਜਾਨ ਤੱਕ ਵਾਰ ਦੇਣ ਵਾਲੇ ਮਹਾਂਬਲੀਆਂ ਬਾਬਤ ਭਗਤ ਕਬੀਰ ਜੀ ਰਾਗ ਮਾਰੂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰਬਰ 1105 ਰਾਹੀਂ ਇਸ ਤਰ੍ਹਾਂ ਬਿਆਨਦੇ ਹਨ :-

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ-ਕਬਹੂੰ ਨ ਛਾਡੈ ਖੇਤੁ॥

ਧਾਰਮਿਕ ਸੁਤੰਤਰਤਾ ਅਤੇ ਮਨੁੱਖੀ ਬਰਾਬਰੀ ਹਿੱਤ ਆਪਾ ਨਿਛਾਵਰ ਕਰਨ ਵਾਲੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਪ੍ਰਕਾਸ਼ ਪਹਿਲੀ ਅਪ੍ਰੈਲ 1621 ਈ. ਨੂੰ ਪਿਤਾ ਸ੍ਰੀ ਗੁਰੂ ਹਰਗੋਬਿੰਦ ਜੀ ਅਤੇ ਮਾਤਾ ਨਾਨਕੀ ਜੀ ਦੇ ਗ੍ਰਹਿ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ। ਆਪ ਆਪਣੇ ਪੰਜ ਭੈਣ-ਭਰਾਵਾਂ ਵਿੱਚੋਂ ਸਭ ਤੋਂ ਛੋਟੀ ਥਾਂ 'ਤੇ ਸਨ।ਬਚਪਨ ਤੋਂ ਹੀ ਆਪ ਸਾਧੂ ਸੁਭਾਅ, ਸੋਚਵਾਨ, ਦਲੇਰ, ਤਿਆਗੀ ਅਤੇ ਪਰਉਪਕਾਰੀ ਤਬੀਅਤ ਦੇ ਮਾਲਕ ਸਨ। ਗੁਰਮਤਿ ਦੇ ਗੁਰ ਹਾਸਲ ਕਰਨ ਦੇ ਨਾਲ-ਨਾਲ ਆਪ ਨੇ ਯੁੱਧ ਕਲਾ ਦੇ ਦਾਅ ਵੀ ਸਿੱਖ ਲਏ। ਗੁਰਮਤਿ ਦੇ ਗਿਆਤਾ ਹੋਣ ਦੇ ਨਾਲ ਹੀ ਆਪ ਜੰਗੀ ਪੈਂਤੜਿਆਂ ਤੋਂ ਵੀ ਪੂਰੀ ਤਰ੍ਹਾਂ ਜਾਣਕਾਰ ਹੋ ਗਏ। ਗੁਰੂ ਪਿਤਾ ਵੱਲੋਂ ਬਖਸ਼ਿਆ ਸੰਤ ਤੇ ਸਿਪਾਹੀ ਦਾ ਸੰਕਲਪ (ਗੁਰੂ) ਤੇਗ ਬਹਾਦਰ ਜੀ ਦੀ ਸਖਸ਼ੀਅਤ ਵਿੱਚ ਪੂਰਨ ਰੂਪ ਵਿੱਚ ਉਜਾਗਰ ਹੋਣ ਲੱਗਾ। ਇਸ ਸੰਕਲਪ ਸਦਕਾ ਹੀ ਉਨ੍ਹਾਂ ਨੇ ਕਰਤਾਰਪੁਰ ਸਾਹਿਬ ਦੀ ਜੰਗ ਸਮੇਂ ਸੰਤ (ਤਿਆਗ ਮੱਲ) ਤੋਂ ਸਿਪਾਹੀ (ਤੇਗ ਬਹਾਦਰ) ਤੱਕ ਦਾ ਸਫਰ ਤੈਅ ਕੀਤਾ ਸੀ।ਦੁਸ਼ਮਣਾਂ ਨਾਲ ਦੋ ਹੱਥ ਕਰਨ ਤੋਂ ਬਾਅਦ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਸੰਨ 1635 ਦੇ ਜੇਠ ਮਹੀਨੇ ਵਿੱਚ ਸ੍ਰੀ ਕੀਰਤਪੁਰ ਸਾਹਿਬ ਵਿਖੇ ਆ ਗਏ। ਨੌਵੇਂ ਪਾਤਸ਼ਾਹ ਸ੍ਰੀ (ਗੁਰੂ) ਤੇਗ ਬਹਾਦਰ ਵੀ ਉਨ੍ਹਾਂ ਦੀ ਸੰਗਤ ਵਿੱਚ ਸਨ।ਸ੍ਰੀ ਕੀਰਤਪੁਰ ਸਾਹਿਬ ਵਿੱਚ ਲੱਗਭੱਗ ਇੱਕ ਦਹਾਕੇ ਦਾ ਸਮਾਂ ਗੁਜਾਰਨ ਕਰਕੇ ਨੌਵੇਂ ਪਾਤਸ਼ਾਹ ਉੱਪਰ ਗੁਰ-ਮਰਿਯਾਦਾ ਦਾ ਪੂਰਾ ਪ੍ਰਭਾਵ ਪੈ ਚੁੱਕਾ ਸੀ।ਇਸ ਪ੍ਰਭਾਵ ਸਦਕਾ ਉਨ੍ਹਾਂ ਦਾ ਦਿਲ ਦਰਦਵੰਦਾਂ ਅਤੇ ਲੋੜਵੰਦਾਂ ਲਈ ਧੜਕਣ ਲੱਗ ਪੈਂਦਾ ਸੀ।ਗਰੀਬ-ਗੁਰਬੇ ਦੀ ਮਦਦ ਲਈ ਆਪ ਹਮੇਸ਼ਾਂ ਹੀ ਯਤਨਸ਼ੀਲ ਰਹਿੰਦੇ ਸਨ। ਉਨ੍ਹਾਂ ਦੀ ਇਸ ਯਤਨਸ਼ੀਲਤਾ ਨੂੰ ਦੇਖ ਕੇ ਜਿੱਥੇ ਗੁਰੂ ਪਿਤਾ ਜੀ ਪ੍ਰਸੰਨ-ਚਿੱਤ ਰਹਿੰਦੇ ਸਨ, ਉੱਥੇ ਨਾਲ ਹੀ ਗੁਰੂ ਨਾਨਕ ਦੇ ਘਰ ਦੀ ਵਡੇਰੀ ਜ਼ਿੰਮੇਵਾਰੀ (ਗੁਰਗੱਦੀ) ਨੂੰ ਸੰਭਾਲਣ ਦੇ ਯੋਗ ਵੀ ਸਮਝਦੇ ਸਨ।ਸ੍ਰੀ ਗੁਰੂ ਹਰਗੋਬਿੰਦ ਜੀ ਨੇ 1644 ਈ. ਨੂੰ ਆਪਣੇ ਪਰਿਵਾਰ (ਮਾਤਾ ਨਾਨਕੀ ਜੀ ਅਤੇ ਸਾਹਿਬਜ਼ਾਦਾ ਤੇਗ ਬਹਾਦਰ ਜੀ) ਨੂੰ ਬਕਾਲੇ ਨਗਰ ਦੀ ਧਰਤੀ ਨੂੰ ਭਾਗ ਲਗਾਉਣ ਲਈ ਕਿਹਾ। ਗੁਰੂ ਪਿਤਾ ਦੇ ਹੁਕਮ ਨੂੰ ਪ੍ਰਵਾਨ ਕਰਦਿਆਂ ਸ੍ਰੀ (ਗੁਰੂ) ਤੇਗ ਬਹਾਦਰ ਜੀ ਆਪਣੀ ਮਾਤਾ ਅਤੇ ਪਤਨੀ (ਮਾਤਾ ਗੁਜਰੀ ਜੀ) ਸਮੇਤ ਬਕਾਲੇ ਆ ਗਏ।ਇਹ ਉਨ੍ਹਾਂ ਦਾ ਨਾਨਕਾ ਪਿੰਡ ਸੀ। ਬਕਾਲੇ ਪਹੁੰਚਣ ਸਮੇਂ (ਗੁਰੂ) ਤੇਗ ਬਹਾਦਰ ਸਾਹਿਬ ਜੀ ਦੀ ਉਮਰ 20 ਕੁ ਸਾਲ ਦੇ ਕਰੀਬ ਸੀ। ਜੋਬਨ ਕਾਲ ਹੋਣ ਦੇ ਬਾਵਜੂਦ ਵੀ ਆਪਣੇ ਸੰਸਾਰਿਕਤਾ ਨਾਲੋਂ ਅਧਿਆਤਮਕਤਾ ਵੱਲ ਵਧੇਰੇ ਰੁਚਿਤ ਸਨ। ਸੇਵਾ ਤੇ ਸਿਮਰਨ ਦੇ ਨਾਲ-ਨਾਲ ਉਹ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਵੀ ਪੂਰੀ ਤਨਦੇਹੀ ਨਾਲ ਨਿਭਾਉਂਦੇ ਸਨ। ਇੱਥੇ ਰਹਿੰਦਿਆਂ ਕਈ ਗੁਰਸਿੱਖ ਸੱਜਣ ਉਨ੍ਹਾਂ ਨਾਲ ਮਿਲਾਪ ਲਈ ਵੀ ਆਇਆ ਕਰਦੇ ਸਨ। ਪ੍ਰਸ਼ਾਦੇ-ਪਾਣੀ ਦੀ ਸੇਵਾ ਤੋਂ ਬਾਅਦ ਗੁਰੂ ਕੀਆਂ ਅਕੱਥ ਕਹਾਣੀਆਂ ਛੋਹੀਆਂ ਜਾਂਦੀਆਂ ਸਨ। ਇੱਕ ਵਾਰੀ ਇੱਕ ਗੁਰਸਿੱਖ ਪਿਆਰੇ ਨੇ (ਗੁਰੂ) ਤੇਗ ਬਹਾਦਰ ਜੀ ਤੋਂ ਪੁੱਛਿਆ ਕਿ ਰੱਬ ਦੇ ਪਿਆਰਿਆਂ-ਭਗਤਾਂ ਨੂੰ ਕਸ਼ਟ ਕਿਉਂ ਆਉਂਦੇ ਹਨ? ਤਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਜਵਾਬ ਸੀ ਕਿ ਦੁਨੀਆਂ ਦੀ ਅਸਲੀਅਤ ਦੁੱਖਾਂ ਵਿੱਚ ਜਲਦੀ ਸਮਝ ਆ ਜਾਂਦੀ ਹੈ। ਸਾਨੂੰ ਦੁੱਖਾਂ ਨੂੰ ਉਸ ਦੀ ਦਾਤ ਹੀ ਸਮਝਣਾ ਚਾਹੀਦਾ ਹੈ। ਇੱਕ ਸੇਵਕ ਵੱਲੋਂ ਜਦੋਂ ਭਗਤੀ ਦੇ ਪੜਾਵਾਂ ਬਾਬਤ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਪਹਿਲਾ ਪੜਾਅ ਹੈ, ਉਸ ਵੱਲੋਂ ਚਿੱਤ ਹਟਾਉਣਾ,ਜੋ ਅਕਾਲ ਪੁਰਖ ਵੱਲੋਂ ਚਿੱਤ ਹਟਾਏ। ਦੂਜਾ ਪੜਾਅ ਸਭ ਕੁੱਝ ਨੂੰ ਭੁੱਲ ਭੁਲਾ ਕੇ ਉਸ ਪਰਮ ਪਿਤਾ ਨਾਲ ਪ੍ਰੇਮ ਕਰਨਾ ਹੈ।ਤੀਜਾ ਪੜਾਅ ਉੱਠਦਿਆਂ-ਬੈਠਦਿਆਂ ਉਸ ਵਾਹਿਗੁਰੂ ਦੀ ਯਾਦ ਨੂੰ ਆਪਣੇ ਹਿਰਦੇ ਦਾ ਸ਼ਿੰਗਾਰ ਬਣਾ ਕੇ ਰੱਖਣਾ ਹੁੰਦਾ ਹੈ।ਜਦੋਂ (ਗੁਰੂ) ਤੇਗ ਬਹਾਦਰ ਜੀ ਬਕਾਲਾ ਨਗਰ ਤੋਂ ਆਪਣੇ ਸਾਲੇ ਭਾਈ ਕ੍ਰਿਪਾਲ ਚੰਦ ਨੂੰ ਮਿਲਣ ਲਈ ਕੀਰਤਪੁਰ ਸਾਹਿਬ ਜਾਂਦੇ ਤਾਂ ਉਹ ਸੱਤਵੇਂ ਪਾਤਸ਼ਾਹ ਸ੍ਰੀ ਹਰਿ ਰਾਏ ਸਾਹਿਬ ਦੇ ਦਰਬਾਰ ਦੀ ਹਾਜ਼ਰੀ ਵੀ ਭਰਦੇ ਸਨ। ਗੁਰੂ ਘਰ ਪ੍ਰਤੀ ਸਮਰਪਣ ਦੀ ਭਾਵਨਾ ਨੂੰ ਦੇਖ ਕੇ ਸੱਤਵੇਂ ਪਾਤਸ਼ਾਹ ਨੇ (ਗੁਰੂ) ਤੇਗ ਬਹਾਦਰ ਸਾਹਿਬ ਨੂੰ 1656 ਈ. ਵਿੱਚ ਮਾਲਵਾ, ਹਰਿਆਣਾ, ਉੱਤਰ ਪ੍ਰਦੇਸ਼ ਅਤੇ ਬਿਹਾਰ ਆਦਿ ਪੂਰਬੀ ਪ੍ਰਾਤਾਂ ਵਿੱਚ ਗੁਰਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਦੀ ਜ਼ਿੰਮੇਵਾਰੀ ਸੰਭਾਲ ਦਿੱਤੀ। ਇਸ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਉਨ੍ਹਾਂ ਨੇ ਆਪਣੇ ਪਰਿਵਾਰਕ ਮੈਂਬਰਾਂ ਅਤੇ ਗੁਰੂ ਘਰਾਂ ਦੇ ਪ੍ਰੀਤਵਾਨਾਂ ਦਾ ਇੱਕ ਪ੍ਰਚਾਰਕ ਜੱਥਾ ਤਿਆਰ ਕਰ ਲਿਆ। ਇਸ ਜੱਥੇ ਨੇ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ ਬਾਬੇਕਿਆਂ ਦੇ ਸਾਂਝੀਵਾਲਤਾ ਦੇ ਸੰਦੇਸ਼ ਨੂੰ ਬਹੁਤ ਹੀ ਲਗਨ ਅਤੇ ਮਿਹਨਤ ਨਾਲ ਪੁੱਜਦਿਆਂ ਕੀਤਾ।

ਅੱਠਵੇਂ ਨਾਨਕ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਆਪਣੇ ਜੋਤੀ-ਜੋਤ (30 ਮਾਰਚ 1664 ਈ.) ਸਮਾਉਣ ਤੋਂ ਇੱਕ ਦਿਨ ਪਹਿਲੇ ਗੁਰਤਾ-ਗੱਦੀ ਦੀ ਸੌਂਪਣਾ ਆਦਿ ਆਪਣੇ ਦਾਦਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਬਾਬਾ ਬਕਾਲੇ ਦੇ ਸ਼ਬਦਾਂ ਨਾਲ ਕਰ ਗਏ ਸਨ ,ਪਰ ਇਸ ਐਲਾਨ ਦਾ ਵੱਡੀ ਪੱਧਰ 'ਤੇ ਪ੍ਰਚਾਰ ਨਾ ਹੋਣ ਕਰਕੇ ਇਸ ਮੌਕੇ ਦਾ ਲਾਭ ਕਈ ਸਵਾਰਥੀ ਅਤੇ ਭੇਖਧਾਰੀ ਲੋਕਾਂ ਨੇ ਵੀ ਲੈਣਾ ਚਾਹਿਆ। ਉਹ ਬਾਬਾ ਬਕਾਲਾ ਸਾਹਿਬ ਵਿਖੇ ਆਪੋ-ਆਪਣੀਆਂ ਗੱਦੀਆਂ ਲਗਾ ਕੇ ਬੈਠ ਗਏ ਅਤੇ ਗੁਰੂ ਨਾਨਕ ਪਾਤਸ਼ਾਹ ਦੇ ਘਰ ਦੇ ਸੱਚੇ ਵਾਰਸ ਹੋਣ ਦਾ ਢਕਵੰਜ ਕਰਨ ਲੱਗ ਗਏ। ਇਨ੍ਹਾਂ ਢਕਵੰਜੀਆਂ ਵਿੱਚ ਧੀਰਮੱਲ ਜੋ ਕਿ ਗੁਰੂ ਹਰਕ੍ਰਿਸ਼ਨ ਜੀ ਦਾ ਚਾਚਾ ਲੱਗਦਾ ਸੀ, ਸਭ ਤੋਂ ਅੱਗੇ ਸੀ। ਇਸ ਤਰ੍ਹਾਂ ਇਨ੍ਹਾਂ ਨਕਲਧਾਰੀ ਗੁਰੂਆਂ ਦੀ ਤਾਦਾਦ 22 ਦੇ ਕਰੀਬ ਪਹੁੰਚ ਗਈ।ਸਿੱਖ ਸੰਗਤਾਂ ਲਈ ਇਹ ਸਮਾਂ ਜਿੱਥੇ ਇੱਕ ਇਮਤਿਹਾਨ ਦਾ ਸਮਾਂ ਸੀ, ਉੱਥੇ ਨਾਲ ਹੀ ਸਿਦਕਦਿਲੀ ਅਤੇ ਸਮਝਦਾਰੀ ਤੋਂ ਕੰਮ ਲੈਣ ਦਾ ਵਕਤ ਵੀ ਸੀ। ਇਹ ਸਮਝਦਾਰੀ ਦਾ ਸਬੂਤ ਗੁਰੂ-ਘਰ ਦੇ ਇੱਕ ਧਨੀ ਸਿੱਖ ਭਾਈ ਮੱਖਣ ਸ਼ਾਹ ਲੁਬਾਣਾ ਵੱਲੋਂ ਦਿੱਤਾ ਗਿਆ। 1664 ਈ. ਦੀ ਦੀਵਾਲੀ ਮੌਕੇ ਗੁਰੂ ਨਾਨਕ ਦਰਬਾਰ ਦਾ ਇਹ ਅਨਿਨ ਸ਼ਰਧਾਲੂ ਮਸੰਦ ਆਪਣੀ ਪਤਨੀ ਸੋਲਜਹੀ ਅਤੇ ਆਪਣੇ ਸਪੁੱਤਰਾਂ ਲਾਲ ਚੰਦ ਅਤੇ ਚੰਦੂ ਲਾਲ ਸਮੇਤ ਬਾਬੇ ਬਕਾਲੇ ਆਇਆ।ਵਪਾਰੀ ਮੱਖਣ ਸ਼ਾਹ ਨੇ ਦੇਖਿਆ ਕਿ ਇੱਥੇ ਕੋਈ ਇੱਕ ਨਹੀਂ,ਸਗੋਂ ਬਹੁਗਿਣਤੀ ਆਪਣੇ ਆਪ ਨੂੰ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਦੀ ਗੱਦੀ-ਨਸ਼ੀਨ ਦੱਸ ਰਹੀ ਸੀ। ਇਸ ਭੰਬਲਭੂਸੇ ਵਿੱਚੋਂ ਬਾਹਰ ਨਿਕਲਣ ਲਈ ਭਾਈ ਮੱਖਣ ਸ਼ਾਹ ਨੇ ਇੱਕ ਵਿਉਂਤਬੰਦੀ ਕੀਤੀ।ਇਸ ਵਿਉਂਤਬੰਦੀ ਤਹਿਤ ਉਸ ਨੇ ਹਰੇਕ ਦਾਅਵੇਦਾਰ ਅੱਗੇ ਦੋ-ਦੋ ਮੋਹਰਾਂ ਰੱਖ ਦਿੱਤੀਆਂ। ਉਨ੍ਹਾਂ ਮੋਹਰਾਂ ਨੂੰ ਦੇਖ ਕੇ ਸਾਰੇ ਗੱਦੀਦਾਰ ਪ੍ਰਸੰਨ ਤਾਂ ਹੋ ਰਹੇ ਸਨ,ਪਰ ਅਸਲ ਦਸਵੰਧ ਦੀ ਮਾਇਆ ਕੋਈ ਨਹੀਂ ਮੰਗ ਰਿਹਾ ਸੀ। ਨਿਰਾਸ਼ ਹੋਏ ਭਾਈ ਮੱਖਣ ਸ਼ਾਹ ਨੂੰ ਕਿਸੇ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਟਿਕਾਣੇ ਦੀ ਦੱਸ ਪਾ ਦਿੱਤੀ। ਜਦੋਂ ਉਹ ਉਸ ਟਿਕਾਣੇ 'ਤੇ ਪਹੁੰਚਿਆ ਤਾਂ ਗੁਰੂ ਜੀ ਨਾਮ ਸਿਮਰਨ ਵਿੱਚ ਜੁੜੇ ਹੋਏ ਸਨ। ਜਦੋਂ ਮੱਖਣ ਸ਼ਾਹ ਨੇ ਇੱਥੇ ਵੀ ਦੋ ਮੋਹਰਾਂ ਰੱਖ ਕੇ ਗੁਰੂ ਸਾਹਿਬ ਨੂੰ ਨਮਸਕਾਰ ਕੀਤੀ ਤਾਂ ਦਿਲਾਂ ਦੀਆਂ ਜਾਣਨ ਵਾਲੇ ਬਾਬੇ ਨੇ ਕਿਹਾ ਕਿ ਗੁਰੂ ਘਰ ਵਿੱਚ ਮਾਇਆ ਦਾ ਕੋਈ ਲਾਲਚ ਨਹੀਂ, ਪਰ ਇਹ ਤਾਂ ਦੱਸੋ ਕਿ ਦਸਵੰਧ ਦੀ ਬਾਕੀ ਮਾਇਆ ਕਿੱਥੇ ਗਈ ਹੈ? ਇਹ ਬਚਨ ਸੁਣ ਕੇ ਮੱਖਣ ਸ਼ਾਹ ਲੁਬਾਣੇ ਦੀ ਖੁਸ਼ੀ ਉਛਾਲਾ ਮਾਰ ਗਈ ਅਤੇ ਉਹ ਇੱਕ ਛੱਤ ਉੱਪਰ ਚੜ੍ਹ ਕੇ ਬੁਲੰਦ ਆਵਾਜ਼ ਵਿੱਚ ਕਹਿਣ ਲੱਗਾ ਗੁਰੂ ਲਾਧੋ ਰੇ! ਗੁਰੂ ਲਾਧੋ ਰੇ!! ਇਸ ਮੌਕੇ ਦੀ ਤਸਵੀਰ ਸੂਰਜ ਪ੍ਰਕਾਸ਼ ਦੇ ਲੇਖਕ ਨੇ ਆਪਣੇ ਕਾਵਿਕ ਕੈਮਰੇ ਨਾਲ ਇੰਜ ਖਿੱਚੀ ਹੈ:-

ਭੁਲੀਏ ਸੰਗਤਿ! ਸੁਨਹੁ ਸੁ ਕਾਨ।
ਸਤਿਗੁਰੁ ਲਧਾ ਮਰਦ ਮਹਾਨ।

ਗੁਰੂ ਕਿਆਂ ਵੱਲੋਂ ਨਵੇਂ ਨਗਰ ਵਸਾਉਣ ਦੀ ਪ੍ਰਥਾ ਤਹਿਤ ਨੌਵੇਂ ਗੁਰਾਂ ਨੇ ਬਾਬਾ ਬੁੱਢਾ ਜੀ ਦੀ ਅੰਸ਼ ਬਾਬਾ ਗੁਰਦਿੱਤਾ ਸਿੰਘ ਜੀ ਤੋਂ ਸੰਨ 1665 ਦੇ ਜੂਨ ਮਹੀਨੇ ਵਿੱਚ ਚੱਕ ਨਾਨਕੀ ਨਗਰ ਦੀ ਮੋੜੀ ਗਡਵਾ ਦਿੱਤੀ। ਇਸ ਸਥਾਨ ਨੂੰ ਪਹਿਲਾਂ ਮਾਖੋਵਾਲ ਆਖਦੇ ਸਨ, ਜਿਹੜਾ ਇੱਕ ਮਾਖੇ ਦੈਂਤ ਕਾਰਨ ਪਿਆ ਸੀ।ਗੁਰੂ ਸਾਹਿਬਾਨ ਦੇ ਚਰਨਾਂ ਦੀ ਛੋਹ ਪਾ ਕੇ ਇਹ ਸਥਾਨ ਧਰਮ-ਕਰਮ ਦੀਆਂ ਗਤੀਵਿਧੀਆਂ ਦਾ ਗੜ੍ਹ ਬਣ ਗਿਆ।ਇੱਥੇ ਹੁਣ ਇਲਾਹੀ ਬਾਣੀ ਦੇ ਦਿਨ-ਰਾਤ ਗਾਇਨ ਹੋਣ ਲੱਗ ਪਏ।ਇਸ ਗਾਇਨ ਸਦਕਾ ਇਹ ਥਾਂ ਆਨੰਦਾਂ ਦੀ ਪੂਰੀ ਬਣ ਗਈ, ਜਿਸ ਨੂੰ ਅੱਜ ਵੀ ਆਨੰਦਪੁਰ ਸਾਹਿਬ ਕਹਿ ਕੇ ਸਤਿਕਾਰ ਦਿੱਤਾ ਜਾਂਦਾ ਹੈ। ਆਪਣੀਆਂ ਪ੍ਰਚਾਰ ਫੇਰੀਆਂ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜਿੱਥੇ ਵੀ ਗਏ,ਉੱਥੇ ਹੀ ਉਨ੍ਹਾਂ ਨੇ ਕਰਮਕਾਂਡੀ ਜੀਵਨ ਨੂੰ ਤਿਆਗਣ ਅਤੇ ਪ੍ਰਮਾਤਮਾ ਦੇ ਨਾਂਅ ਨੂੰ ਵਿਆਜਣ ਦੀ ਪ੍ਰੇਰਣਾ ਦਿੱਤੀ। ਇਸ ਤੋਂ ਇਲਾਵਾ ਉਨ੍ਹਾਂ ਨੇ ਲੋਕਾਈ ਨੂੰ ਨਿਰਭੈ ਰਹਿ ਕੇ ਅਣਖ,ਇੱਜ਼ਤ ਅਤੇ ਆਜ਼ਾਦੀ ਵਾਲਾ ਜੀਵਨ ਜਿਊਣ ਦਾ ਹੋਕਾ ਵੀ ਦਿੱਤਾ।ਉਨ੍ਹਾਂ ਦੀ ਸਮਝ ਵਿੱਚ ਗਿਆਨਵਾਨ ਪੁਰਖ ਉਹ ਹੁੰਦਾ ਹੈ ਜੋ ਨਾ ਤਾਂ ਕਿਸੇ ਤੋਂ ਡਰਦਾ ਹੈ ਅਤੇ ਨਾ ਹੀ ਕਿਸੇ ਨੂੰ ਡਰਾਉਂਦਾ ਹੈ।ਗੁਰੂ ਸਾਹਿਬ ਦਾ ਫੁਰਮਾਨ ਹੈ:-

ਭੈ ਕਾਹੂ ਕਉ ਦੇਤ ਨਾਹਿ ਨਾਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥

ਗੁਰੂ ਸਾਹਿਬ ਵੱਲੋਂ ਬੁਲੰਦ ਕੀਤਾ ਗਿਆ ਇਹ ਨਾਅਰਾ ਵਕਤ ਦੇ ਹਾਕਮ ਔਰੰਗਜ਼ੇਬ ਤੱਕ ਵੀ ਪਹੁੰਚ ਗਿਆ। ਮਨੁੱਖੀ ਆਜ਼ਾਦੀ ਦੀ ਤਰਜਮਾਨੀ ਕਰਨ ਵਾਲੀ ਇਹ ਆਵਾਜ਼ ਮੁਗਲ ਬਾਦਸ਼ਾਹ ਦੇ ਕੰਨਾਂ ਵਿੱਚ ਰੜਕਣ ਲੱਗ ਪਈ ਅਤੇ ਉਸ ਨੂੰ ਗੁਰੂ ਸਾਹਿਬ ਦੇ ਇਸ ਸਿਧਾਂਤ ਵਿੱਚੋਂ ਬਗਾਵਤ ਦੀ ਬੋਅ ਆਉਣ ਲੱਗ ਪਈ। ਸਿੱਟੇ ਵੱਜੋਂ ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰਨ ਲਈ ਆਲਮ ਖਾਨ ਨੂੰ ਭੇਜ ਦਿੱਤਾ। ਆਪਣੀ ਫੌਜ ਲੈ ਕੇ ਆਲਮ ਖਾਨ 8 ਨਵੰਬਰ ਸੰਨ 1665 ਨੂੰ ਧਮਤਾਣ ਆ ਗਿਆ ਅਤੇ ਕੁੱਝ ਮੁੱਖੀ ਸਿੱਖਾਂ/ਸੇਵਕਾਂ ਸਮੇਤ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰ ਲਿਆ। ਗ੍ਰਿਫਤਾਰੀ ਤੋਂ ਬਾਅਦ ਔਰੰਗਜ਼ੇਬ ਨੇ ਕਈ ਨਰਮ ਢੰਗ ਤਰੀਕਿਆਂ ਨਾਲ ਗੁਰੂ ਜੀ ਨੂੰ ਇਸਲਾਮ ਧਾਰਨ ਕਰਨ ਲਈ ਕਿਹਾ ਪਰ ਗੁਰੂ ਸਾਹਿਬ ਦੇ ਦਲੀਲ ਪੂਰਵਕ ਜਵਾਬ ਅੱਗੇ ਉਸ ਦੀ ਕੋਈ ਪੇਸ਼ ਨਾ ਗਈ।ਰਾਜਾ ਜੈ ਸਿੰਘ ਜਿੱਥੇ ਗੁਰੂ ਦਰਬਾਰ ਪ੍ਰਤੀ ਆਪਣੇ ਪ੍ਰੇਮ ਦਾ ਪ੍ਰਗਟਾਵਾ ਕਰਦਾ ਰਹਿੰਦਾ ਸੀ, ਉੱਥੇ ਉਸ ਦੀ ਧਰਮ ਪਤਨੀ ਰਾਣੀ ਪੁਸ਼ਪਾ ਵੀ ਬਾਬੇ ਨਾਨਕ ਦੀ ਸੋਚ ਦੀ ਧਾਰਨੀ ਸੀ। ਇਸ ਪਰਿਵਾਰ ਦੀ ਦਖਲਅੰਦਾਜ਼ੀ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਇੱਕ ਮਹੀਨੇ ਦੀ ਕੈਦ ਤੋਂ ਬਾਅਦ ਰਿਹਾਅ ਕਰ ਦਿੱਤਾ ਗਿਆ। ਅਬੂਜਫਰ ਮਹੁੱਈਉਦੀਨ ਮੁਹੰਮਦ ਔਰੰਗਜ਼ੇਬ ਇੱਕ ਕੱਟੜ ਸੁੰਨੀ ਮੁਸਲਮਾਨ ਸੀ। ਉਸ ਦੀ ਧਾਰਮਿਕ ਅਤੇ ਰਾਜਨੀਤਕ ਨੀਤੀ 'ਤੇ ਨਕਸ਼ਬੰਦੀ ਸਿਲਸਿਲੇ ਦਾ ਬਹੁਤ ਗਹਿਰਾ ਪ੍ਰਭਾਵ ਸੀ, ਜਿਸ ਕਾਰਨ ਉਹ ਅਤਿ ਦਰਜੇ ਦਾ ਨਿਰਦਈ ਅਤੇ ਜਨੂੰਨੀ ਬਣ ਗਿਆ ਸੀ। ਉਹ ਡੰਡੇ ਦੇ ਡਰ ਨਾਲ ਇਸਲਾਮ ਦਾ ਬੋਲਬਾਲਾ ਕਰਨਾ ਚਾਹੁੰਦਾ ਸੀ। ਇਸ ਚਾਹਤ ਨੂੰ ਪੂਰਿਆਂ ਕਰਨ ਲਈ ਔਰੰਗਜ਼ੇਬ ਨੇ ਸਾਮ, ਦਾਮ ਅਤੇ ਦੰਡ ਦੀ ਵਰਤੋਂ ਤੋਂ ਵੀ ਗੁਰੇਜ ਨਹੀਂ ਕੀਤਾ। ਉਸ ਨੇ ਹਿੰਦੂਆਂ ਉੱਤੇ ਜਜੀਆ ਆਦਿ ਟੈਕਸ ਲਗਾ ਦਿੱਤੇ ਅਤੇ ਉਨ੍ਹਾਂ ਉੱਤੇ ਜ਼ੁਲਮ ਢਾਹ ਕੇ ਉਨ੍ਹਾਂ ਨੂੰ ਮੁਸਲਮਾਨ ਬਣਨ ਲਈ ਮਜ਼ਬੂਰ ਕਰ ਦਿੱਤਾ। ਇੱਥੇ ਹੀ ਬੱਸ ਨਹੀਂ ਬਾਦਸ਼ਾਹ ਨੇ ਹਿੰਦੂ ਭਾਈਚਾਰੇ ਦੇ ਮਥਰਾ ਅਯੁੱਧਿਆ, ਕਾਸ਼ੀ ਅਤੇ ਬਨਾਰਸ ਆਦਿ ਸ਼ਹਿਰਾਂ ਵਿਚਲੇ ਕਈ ਪੂਜਣਯੋਗ ਮੰਦਰ ਵੀ ਢਹਿ-ਢੇਰੀ ਕਰ ਦਿੱਤੇ। ਇਸ ਦੇ ਨਾਲ ਕਈ ਪਾਠਸ਼ਾਲਾਵਾਂ ਵੀ ਖਤਮ ਕਰ ਦਿੱਤੀਆਂ ਗਈਆਂ। ਔਰੰਗਜ਼ੇਬ ਵੱਲੋਂ ਆਪਣੀ ਇਸ ਦਮਨਕਾਰੀ ਨੀਤੀ ਨੂੰ ਜਾਰੀ ਰੱਖਦਿਆਂ ਸਤੰਬਰ 1671 ਈ. ਵਿੱਚ ਇਫਤਿਖਾਰ ਖਾਨ ਨੂੰ ਸੂਬਾ ਕਸ਼ਮੀਰ ਦਾ ਸੂਬੇਦਾਰ ਨਿਯੁਕਤ ਕੀਤਾ ਗਿਆ। ਇਸ ਦਾ ਖਿਤਾਬ ਸ਼ੇਰ-ਏ-ਅਫਗਾਨ ਸੀ।ਇਹ ਸੂਬੇਦਾਰ ਵੀ ਤੰਗਦਿਲ, ਕੱਟੜ ਜਨੂੰਨੀ ਅਤੇ ਬੇਰਹਿਮ ਸੁਭਾਅ ਦਾ ਮਾਲਕ ਸੀ। ਕੋਈ ਅਜਿਹਾ ਅੱਤਿਆਚਾਰ ਨਹੀਂ ਬਚਿਆ ਸੀ, ਜੋ ਕਸ਼ਮੀਰ ਦੇ ਸੂਬੇਦਾਰ ਨੇ ਕਸ਼ਮੀਰੀ ਪੰਡਿਤਾਂ 'ਤੇ ਨਾ ਕੀਤਾ ਹੋਵੇ।ਇਸੇ ਸੂਬੇ ਵਿੱਚ ਕੁੱਝ ਵਿਦਵਾਨ ਬ੍ਰਾਹਮਣਾਂ ਦਾ ਵੀ ਵਸੇਬਾ ਸੀ, ਜੋ ਆਪਣੇ ਆਪ ਨੂੰ ਸਾਰੀ (ਹਿੰਦੂ) ਕੌਮ ਦੇ ਆਗੂ ਸਮਝਦੇ ਸਨ।ਇਨ੍ਹਾਂ ਦੀ ਇਸ ਸਮਝ ਦਾ ਲਾਹਾ ਕਸ਼ਮੀਰ ਦਾ ਰਾਜਪਾਲ ਇਹ ਸੋਚ ਕੇ ਲੈਣਾ ਚਾਹੁੰਦਾ ਸੀ ਕਿ ਜੇਕਰ ਇਹ (ਆਗੂ ਧਿਰ) ਮੁਸਲਮਾਨ ਬਣ ਜਾਵੇ ਤਾਂ ਬਾਕੀ ਹਿੰਦੂਆਂ ਨੂੰ ਇਸਲਾਮ ਦੇ ਝੰਡੇ ਹੇਠ ਲਿਆਉਣਾ ਸਹਿਜ ਅਤੇ ਸੁਖਾਲਾ ਹੋ ਸਕਦਾ ਹੈ। ਕਸ਼ਮੀਰ ਦੇ ਹਿੰਦੂ ਵੀਰਾਂ ਨੂੰ ਧਾਰਮਿਕ ਤੌਰ 'ਤੇ ਜ਼ਲੀਲ ਕਰਨ ਲਈ ਉਨ੍ਹਾਂ ਦੇ ਧਾਰਮਿਕ ਚਿੰਨ੍ਹਾਂ ਦੀ ਬੇਅਦਬੀ ਕੀਤੀ ਜਾਣ ਲੱਗੀ। ਜਨੇਊ ਤੋੜ ਕੇ ਟਿੱਕੇ ਸਾਫ ਕਰ ਦਿੱਤੇ ਗਏ। ਇਸ ਤੋਂ ਇਲਾਵਾ ਉਨ੍ਹਾਂ ਨੂੰ ਗਾਂ ਦਾ ਮਾਸ ਵੀ ਜ਼ਬਰਦਸਤੀ ਖਾਣ ਲਈ ਦਿੱਤਾ ਗਿਆ। ਧਰਮ ਦੇ ਨਾਲ-ਨਾਲ ਧੀਆਂ-ਭੈਣਾਂ ਦੀ ਇੱਜ਼ਤ ਵੀ ਦਾਅ 'ਤੇ ਲੱਗ ਗਈ। ਬਹੁਤ ਸਾਰੇ ਹਿੰਦੂ ਪਰਿਵਾਰਾਂ ਨੇ ਇਫਤਿਖਾਰ ਖਾਨ ਅੱਗੇ ਹਾਰ ਮੰਨ ਲਈ ਅਤੇ ਇਸਲਾਮ ਨੂੰ ਕਬੂਲ ਕਰ ਲਿਆ।ਸਿਰਫ ਕੁੱਝ ਕੁ ਪਰਿਵਾਰ ਬਚੇ ਸਨ, ਜੋ ਕਿਸੇ ਚਮਤਕਾਰ ਦੀ ਆਸ ਲਗਾਈ ਬੈਠੇ ਸਨ। ਜਦੋਂ ਚਮਤਕਾਰੀ ਸ਼ਕਤੀਆਂ ਵੀ ਨਾ ਬਹੁੜੀਆਂ ਤਾਂ ਉਨ੍ਹਾਂ ਪਰਿਵਾਰਾਂ ਦੀ ਫਿਕਰਮੰਦੀ ਵੀ ਵੱਧਣ ਲੱਗੀ।ਇਸ ਫਿਕਰਮੰਦੀ ਨੂੰ ਘਟਾਉਣ ਲਈ ਭਾਵ ਆਪਣੇ ਡੁੱਬਦੇ ਧਰਮ ਨੂੰ ਬਚਾਉਣ ਲਈ ਇਨ੍ਹਾਂ ਪਰਿਵਾਰਾਂ ਦੇ ਮੋਹਤਬਰ ਬੰਦਿਆਂ ਨੇ ਕੁੱਝ ਸੋਚਣਾ ਆਰੰਭ ਕੀਤਾ। ਸੋਚਾਂ ਦੇ ਸਮੁੰਦਰਾਂ ਵਿੱਚ ਗੋਤੇ ਖਾਂਦਿਆਂ ਨੂੰ ਸ੍ਰੀ ਆਨੰਦਪੁਰ ਸਾਹਿਬ ਦਾ ਰਾਹ ਦਿਖਾਈ ਦੇਣ ਲੱਗ ਪਿਆ। ਕਸ਼ਮੀਰ ਦੇ ਪੰਡਿਤ ਇਹ ਗੱਲ ਭਲੀਭਾਂਤ ਸਮਝ ਚੁੱਕੇ ਸਨ ਕਿ ਇਨ੍ਹਾਂ ਅਤਿ ਸੰਕਟਮਈ ਹਾਲਾਤਾਂ ਵਿੱਚ ਸਾਡੀ ਬਾਂਹ ਕੇਵਲ ਸ੍ਰੀ ਆਨੰਦਪੁਰ ਸਾਹਿਬ ਦੇ ਵਾਸੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਹੀ ਫੜ੍ਹ ਸਕਦੇ ਹਨ, ਕਿਉਂਕਿ ਗੁਰੂ ਸਾਹਿਬ ਨੇ ਆਪਣੇ ਪ੍ਰਚਾਰ ਦੌਰਿਆਂ ਦੌਰਾਨ ਸੰਗਤਾਂ ਨੂੰ ਨਾ ਕਿਸੇ ਤੋਂ ਡਰਨ ਅਤੇ ਨਾ ਹੀ ਡਰਾਉਣ ਦੀ ਗੱਲ ਕਹੀ ਸੀ ਅਤੇ ਨਿਰਾਸ਼ਾਜਨਕ ਸਥਿਤੀਆਂ ਨੂੰ ਚੜ੍ਹਦੀ ਕਲਾਂ ਵਿੱਚ ਬਦਲਣ ਦੇ ਭਰਪੂਰ ਯਤਨ ਕੀਤੇ ਸਨ। ਇਨ੍ਹਾਂ ਯਤਨਾਂ ਦੀ ਬਦੌਲਤ ਕਈ ਹਿੰਦੂ ਪਰਿਵਾਰ ਵੀ ਗੁਰੂ ਘਰ ਨਾਲ ਜੁੜ ਗਏ ਸਨ।ਕਸ਼ਮੀਰੀ ਪੰਡਿਤ ਬ੍ਰਹਮਦਾਸ ਦੇ ਖਾਨਦਾਨ ਵਿੱਚ ਇੱਕ ਪੰਡਤ ਕ੍ਰਿਪਾ ਰਾਮ ਪੈਦਾ ਹੋਇਆ,ਜੋ ਬਚਪਨ ਕਾਲ ਤੋਂ ਹੀ ਗੁਰੂ ਘਰ ਆਉਂਦਾ ਰਹਿੰਦਾ ਸੀ।25 ਮਈ 1675 ਈ. ਨੂੰ ਉਹ 16 ਮੁੱਖੀ ਪੰਡਿਤਾਂ ਨੂੰ ਨਾਲ ਲੈ ਕੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਆ ਗਿਆ।ਡਾਹਢੇ ਦੁੱਖੀ ਮਨ ਨਾਲ ਕਸ਼ਮੀਰੀ ਪੰਡਿਤਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਆਪਣੇ ਨਾਲ ਹੁੰਦੀਆਂ ਵਧੀਕੀਆਂ ਦੀ ਦਰਦ ਕਹਾਣੀ ਸੁਣਾਈ ਅਤੇ ਸਰਕਾਰੀ ਅੱਤਿਆਚਾਰ ਤੋਂ ਬਚਾਉਣ ਦੀ ਬੇਨਤੀ ਕੀਤੀ।ਕਸ਼ਮੀਰੀ ਪੰਡਿਤਾਂ ਦੀ ਦਰਦਨਾਕ ਵਿਥਿਆ ਸੁਣ ਕੇ ਦਰਬਾਰ ਵਿੱਚ ਜੁੜ ਬੈਠੀਆਂ ਸੰਗਤਾਂ ਦੇ ਵੀ ਦਿਲ ਪਸੀਜ ਗਏ।ਬਾਲ ਗੋਬਿੰਦ ਰਾਏ ਜੀ ਜਿਨ੍ਹਾਂ ਦੀ ਉਮਰ ਉਸ ਸਮੇਂ 9 ਕੁ ਸਾਲ ਦੀ ਸੀ ਗੁਰੂ ਪਿਤਾ ਜੀ ਕੋਲ ਆਏ ਅਤੇ ਉਦਾਸੀ ਭਰੇ ਮਾਹੌਲ ਦਾ ਕਾਰਨ ਪੁੱਛਣ ਲੱਗੇ।ਗੁਰੂ ਜੀ ਨੇ ਆਪਣੇ ਲਾਲ ਨੂੰ ਜਿੱਥੇ ਕਸ਼ਮੀਰੀ ਪੰਡਿਤਾਂ ਦੀ ਦਰਦਨਾਕ ਦਾਸਤਾਨ ਸੁਣਾਈ, ਉੱਥੇ ਨਾਲ ਹੀ ਕਹਿ ਦਿੱਤਾ ਕਿ ਇਸ ਦਰਦ ਨੂੰ ਦੂਰ ਕਰਨ ਲਈ ਪਵਿੱਤਰ ਆਤਮਾ ਦੀ ਕੁਰਬਾਨੀ ਦੀ ਲੋੜ ਹੈ,ਜੋ ਜ਼ਾਲਮਾਂ ਦਾ ਮਨ ਬਦਲ ਦੇਵੇ। ਬਾਲ ਗੋਬਿੰਦ ਰਾਏ ਜੀ ਦੇ ਮੁਖਾਰਬਿੰਦ ਵਿੱਚੋਂ ਸੁਭਾਵਿਕ ਹੀ ਨਿਕਲਿਆ ਕਿ ਉਹ ਪਵਿੱਤਰ ਅਤੇ ਪੂਰਨ ਆਤਮਾ ਆਪ ਜੀ ਤੋਂ ਬਗੈਰ ਹੋਰ ਕੌਣ ਹੋ ਸਕਦੀ ਹੈ। ਸਾਹਿਬਜ਼ਾਦੇ ਦਾ ਜਵਾਬ ਸੁਣ ਕੇ ਸਾਰੀ ਸੰਗਤ ਵਿੱਚ ਹੈਰਾਨੀ ਛਾ ਗਈ, ਪਰ ਗੁਰੂ ਤੇਗ ਬਹਾਦਰ ਸਾਹਿਬ ਜੀ ਆਪਣੇ ਫਰਜੰਦ ਦੀ ਰਾਏ ਨਾਲ ਪ੍ਰਸੰਨ ਹੋ ਗਏ। ਉਨ੍ਹਾਂ ਨੇ ਗੋਬਿੰਦ ਰਾਏ ਜੀ ਨੂੰ ਘੁੱਟ ਕੇ ਛਾਤੀ ਨਾਲ ਲਗਾਇਆ ਅਤੇ ਬੋਲੇ ਕਿ ਲਾਲ ਜੀ ਤੁਸਾਂ ਦੀ ਗੱਲ ਸੁਣ ਕੇ ਮੇਰੀ ਚਿੰਤਾ ਦੂਰ ਹੋ ਗਈ ਹੈ। ਮੇਰੀ ਸ਼ਹਾਦਤ ਤੋਂ ਬਾਅਦ ਤੁਸੀਂ ਕੌਮ ਨੂੰ ਸਹੀ ਅਤੇ ਸੁਚੱਜੀ ਅਗਵਾਈ ਦੇਣ ਦੇ ਸਮਰੱਥ ਹੋ। ਗੁਰੂ ਨਾਨਕ ਪਾਤਸ਼ਾਹ ਤੁਸਾਂ 'ਤੇ ਆਪਣਾ ਮਿਹਰ ਭਰਿਆ ਹੱਥ ਬਣਾਈ ਰੱਖਣਗੇ।ਬ ਾਲ ਗੋਬਿੰਦ ਰਾਏ ਦੇ ਸੰਤੋਖਜਨਕ ਜਵਾਬ ਅਤੇ ਦੂਰਦਰਸ਼ਕ ਦ੍ਰਿਸ਼ਟੀਕੋਣ ਸਦਕਾ ਨੌਵੇਂ ਗੁਰਾਂ ਨੇ ਪੰਡਿਤ ਕ੍ਰਿਪਾ ਰਾਮ ਨੂੰ ਆਖ ਦਿੱਤਾ ਕਿ ਔਰੰਗਜ਼ੇਬ ਤੱਕ ਮੇਰਾ ਇਹ ਸੰਦੇਸ਼ ਪਹੁੰਚਾ ਦਿਓ ਕਿ ਜੇਕਰ ਉਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਮੁਸਲਮਾਨ ਬਣਾ ਲਵੇ ਤਾਂ ਦੇਸ਼ ਦੇ ਸਾਰੇ ਹਿੰਦੂ ਆਪਣੇ-ਆਪ ਹੀ ਇਸਲਾਮ ਨੂੰ ਕਬੂਲ ਕਰ ਲੈਣਗੇ। ਗੁਰੂ ਸਾਹਿਬ ਦੇ ਇਸ ਦਲੇਰਾਨਾ ਐਲਾਨ ਸਦਕਾ ਕਸ਼ਮੀਰੀ ਪੰਡਿਤਾਂ ਦੀ ਜਾਨ ਵਿੱਚ ਜਾਨ ਆ ਗਈ। ਉਨ੍ਹਾਂ ਨੂੰ ਪੱਕਾ ਯਕੀਨ ਹੋ ਗਿਆ ਕਿ ਉਨ੍ਹਾਂ ਦਾ ਧਰਮ ਹੁਣ ਡੁੱਬਣ ਤੋਂ ਬੱਚ ਜਾਵੇਗਾ। ਹੌਸਲੇ ਵਿੱਚ ਆਏ ਕਸ਼ਮੀਰੀ ਪੰਡਿਤ ਸ੍ਰੀ ਆਨੰਦਪੁਰ ਸਾਹਿਬ ਤੋਂ ਚਾਲੇ ਪਾ ਗਏ। 8 ਜੁਲਾਈ 1675 ਈ. ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੇ ਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲ ਦਿੱਤੀ ਅਤੇ ਨਾਲ ਹੀ ਆਉਣ ਵਾਲੇ ਸਮੇਂ ਦੀ ਗੰਭੀਰਤਾ ਤੋਂ ਗਿਆਤ ਕਰਵਾ ਦਿੱਤਾ। ਸੰਗਤਾਂ ਨੂੰ ਅਣਖ, ਇੱਜ਼ਤ ਅਤੇ ਸਵੈਮਾਣ ਦਾ ਜੀਵਨ ਜਿਊਣ ਦਾ ਉਪਦੇਸ਼ ਦੇ ਕੇ ਗੁਰੂ ਸਾਹਿਬ ਆਪਣੇ ਸਾਥੀਆਂ, ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਸਮੇਤ ਦਿੱਲੀ ਵੱਲ ਨੂੰ ਰਵਾਨਾ ਹੋ ਗਏ। ਇਧਰ ਗੁਰੂ ਸਾਹਿਬ ਦੀ ਵੰਗਾਰ ਦਿੱਲੀ ਦੇ ਹਾਕਮ ਔਰੰਗਜੇਬ ਤੱਕ ਵੀ ਪਹੁੰਚ ਗਈ।ਬਾਦਸ਼ਾਹ ਕੱਟੜ ਧਾਰਮਿਕ ਇਰਾਦੇ ਦਾ ਮਾਲਕ ਸੀ। ਉਸ ਨੇ ਗੁਰੂ ਸਾਹਿਬ ਵੱਲੋਂ ਕਸ਼ਮੀਰੀ ਪੰਡਿਤਾਂ ਪ੍ਰਤੀ ਦਿਖਾਈ ਹਮਦਰਦੀ ਨੂੰ ਆਪਣੇ ਮਨੋਰਥ ਦੀ ਸਿੱਧੀ ਵਿੱਚ ਰੁਕਾਵਟ ਸਮਝ ਲਿਆ ਅਤੇ ਹਸਨ-ਅਬਦਾਲ ਤੋਂ ਗੁਰੂ ਸਾਹਿਬ ਦੀ ਗ੍ਰਿਫਤਾਰੀ ਦਾ ਹੁਕਮ ਜਾਰੀ ਕਰ ਦਿੱਤਾ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਤਿੰਨ ਸਿੱਖਾਂ ਨੂੰ ਗ੍ਰਿਫਤਾਰ ਕਰਕੇ ਰੋਪੜ ਦੇ ਕੋਤਵਾਲ ਮਿਰਜ਼ਾ ਨੂਰ ਮੁਹੰਮਦ ਖਾਨ ਨੇ ਪੁਲਿਸ ਦਸਤੇ ਦੀ ਨਿਗਰਾਨੀ ਹੇਠ ਸਰਹਿੰਦ ਦੇ ਸੂਬੇਦਾਰ ਦੇ ਹਵਾਲੇ ਕਰ ਦਿੱਤਾ। ਕੁੱਝ ਦਿਨਾਂ ਬਾਅਦ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਬੱਸੀ ਪਠਾਣਾਂ ਦੀ ਕੇਂਦਰੀ ਜੇਲ੍ਹ ਵਿੱਚ ਕੈਦ ਕਰ ਦਿੱਤਾ ਗਿਆ। ਇਸ ਜੇਲ੍ਹ ਵਿੱਚ ਗੁਰੂ ਤੇਗ

(ਬਾਕੀ ਸਫਾ 20 'ਤੇ)

# L.A. MERCHANDISE

## Whole Sale +Retail

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991

Loose Fabrics, Groceries, Blankets, Vegetables

ਕੁਈਨ ਸਾਈਜ਼ ਬਲੈਂਕਟ $ 18.99 ਦਾ (+Tax)
5 ਬਲੈਂਕਟ ਖਰੀਦਣ ਤੇ 1 ਬਲੈਂਕਟ ਫਰੀ






New folding bed verities

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 41.99+Tax

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ



ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।

Red Label Tea 900 Gm $ 3.99



Bio Bidet Elite 2 $ 39.99+ Tax



**ਪੱਗਾਂ**
ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ ਦੀ ਥਾਂ ਹੁਣ ਰੇਟ 1.73 ਡਾਲਰ ਪ੍ਰਤੀ ਗਜ ਖਰੀਦੋ

## ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ



Baksho Kaur Bisla Hardev Singh Bisla

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

* ਗੋਲਡਨ ਆਟਾ ਨਾਲ 400 ਗ੍ਰਾਮ ਸੂਜ਼ੀ ਪੈਕਟ ਮੁਫਤ
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਮਿਲਦਾ ਹੈ।



**ਸੂਟ**
ਹਰ ਤਰ੍ਹਾਂ ਦਾ ਸੂਟ 20 ਡਾਲਰ ਵਿਚ ਖਰੀਦੋ

**ਲਾਈਨਿੰਗ**
ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ

530-671-0439, Fax 530-822-0439 Cell- 530-844-3250

Buy 5 get 1 free

# AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Transmission, Body and Paint Work We Sell Used Cars at a Good Price**



Prop: Jasbir Singh Takhar
510-755-2132

Free Estimates
Free Towing

510- 733- 2222

1421 Industrial PKWY West#F Hayward, CA 94544



Harmandeep Singh

# RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

## Dil Nijjar REALTOR ®

CalBRE # 01418648

Honesty Starts From Here

SELL OR BUY
Residential • Business • Commercial
Lease • Investment Property and Land

Serving in Greater Sacramento area since 2004



Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd # 100 Sacramento, CA 95834

# Chicago's Pizza with a Twist

Call: 1-209-398-2221






Parvinder Dhesi



Kulwant Sandhu

1471 B St., Unit B, Livingston, CA 95334

# ਚੋਣ ਨਤੀਜਾ ਉਹੀ ਚੰਗਾ ਜੋ ਲੋਕ ਹਿੱਤ ਵਿੱਚ ਹੋਵੇ

**ਹਰ ਖੇਤਰ ਵਿੱਚ ਏਨਾ ਵਿਕਾਸ ਕੀਤਾ ਜਾਵੇ ਕਿ ਦੇਸ਼ ਦੇ ਲੋਕ ਆਪ-ਮੁਹਾਰੇ ਪ੍ਰਸੰਸਾ ਕਰਨ ਲੱਗ ਪੈਣ ਅਤੇ ਦੂਜੇ ਦੇਸ਼ਾਂ ਨਾਲ ਬਰਾਬਰੀ ਕਰਨ ਦਾ ਦਾਅਵਾ ਕੀਤਾ ਜਾ ਸਕੇ। ਚੋਣਾਂ ਸਮੇਂ ਜਨਤਾ ਨਾਲ ਕੀਤੇ ਗਏ ਵਾਅਦੇ ਪੂਰੀ ਗੰਭੀਰਤਾ ਨਾਲ ਪੂਰੇ ਕੀਤੇ ਜਾਣ ਅਤੇ ਦਫ਼ਤਰਾਂ ਵਿੱਚ ਇਮਾਨਦਾਰੀ ਦਾ ਮਾਹੌਲ ਕਾਇਮ ਕੀਤਾ ਜਾਵੇ ਤਾਂ ਜੋ ਲੋਕਾਂ ਦੇ ਕੰਮ ਆਸਾਨੀ ਨਾਲ ਹੋ ਸਕਣ।**

## ਅੰਗ-ਸੰਗ



ਸ਼ਾਮ ਸਿੰਘ
98141-13338

ਭਾਰਤ ਅੱਜ-ਕੱਲ੍ਹ ਚੋਣਾਂ ਦੀ ਲਪੇਟ ਵਿੱਚ ਹੈ, ਜਿਸ ਕਰਕੇ ਹਰ ਸੂਬੇ ਦੇ ਲੋਕਾਂ ਦੀ ਆਪਣੀ ਸੋਚ ਹੈ ਅਤੇ ਹਰ ਸਿਆਸੀ ਪਾਰਟੀ ਦੀ ਆਪਣੀ ਵੋਟਾਂ ਮੰਗਣ ਦਾ ਸ਼ੋਰ ਮਚਿਆ ਹੋਇਆ ਹੈ, ਜਿਸ ਵਿੱਚ ਇੱਕ-ਦੂਜੇ 'ਤੇ ਦੋਸ਼ ਲਾਏ ਜਾ ਰਹੇ ਹਨ, ਪਰ ਮੁੱਦੇ ਨਹੀਂ ਉਠਾਏ ਜਾ ਰਹੇ, ਜਿਸ ਕਾਰਨ ਜਨਤਾ ਦਾ ਮਨੋਰੰਜਨ ਤਾਂ ਹੋ ਰਿਹਾ ਹੈ, ਪਰ ਸਾਫ਼ ਦਿਸ਼ਾ ਕੋਈ ਵੀ ਨਹੀਂ ਦਿਸ ਰਹੀ।

ਅਜੇ ਤਾਂ ਵੋਟਾਂ ਵੋਟਿੰਗ ਮਸ਼ੀਨਾਂ ਵਿੱਚ ਜਾ ਰਹੀਆਂ ਹਨ, ਪਰ ਨਿਕਲਣ ਵਾਲੇ ਨਤੀਜੇ ਦੀ ਲੰਮਾ ਸਮਾਂ ਉਡੀਕ ਕਰਨੀ ਪਵੇਗੀ। ਨਤੀਜਾ ਉਹੀ ਚੰਗਾ ਮੰਨਿਆ ਜਾ ਸਕਦਾ ਹੈ, ਜੋ ਲੋਕਾਂ ਦੇ ਹਿੱਤ ਵਿੱਚ ਹੋਵੇ। ਮਤਲਬ ਕਿ ਉਹ ਪਾਰਟੀਆਂ ਜਿੱਤਣ, ਜਿਹੜੀਆਂ ਲੋਕਾਂ ਦੇ ਹਿੱਤ ਵਿੱਚ ਕੰਮ ਕਰਨ ਵਾਲੀਆਂ ਹੋਣ, ਜਨਤਾ ਲਈ ਖੁਸ਼ੀ ਪੈਦਾ ਕਰਨ ਵਾਲੀਆਂ ਹੋਣ ਅਤੇ ਪੂਰੇ ਮੁਲਕ ਵਿੱਚ ਖੁਸ਼ਹਾਲੀ ਹੋਵੇ।

ਹਰ ਖੇਤਰ ਵਿੱਚ ਏਨਾ ਵਿਕਾਸ ਕੀਤਾ ਜਾਵੇ ਕਿ ਦੇਸ਼ ਦੇ ਲੋਕ ਆਪ-ਮੁਹਾਰੇ ਪ੍ਰਸੰਸਾ ਕਰਨ ਲੱਗ ਪੈਣ ਅਤੇ ਦੂਜੇ ਦੇਸ਼ਾਂ ਨਾਲ ਬਰਾਬਰੀ ਕਰਨ ਦਾ ਦਾਅਵਾ ਕੀਤਾ ਜਾ ਸਕੇ। ਚੋਣਾਂ ਸਮੇਂ ਜਨਤਾ ਨਾਲ ਕੀਤੇ ਗਏ ਵਾਅਦੇ ਪੂਰੀ ਗੰਭੀਰਤਾ ਨਾਲ ਪੂਰੇ ਕੀਤੇ ਜਾਣ ਅਤੇ ਦਫ਼ਤਰਾਂ ਵਿੱਚ ਇਮਾਨਦਾਰੀ ਦਾ ਮਾਹੌਲ ਕਾਇਮ ਕੀਤਾ ਜਾਵੇ ਤਾਂ ਜੋ ਲੋਕਾਂ ਦੇ ਕੰਮ ਆਸਾਨੀ ਨਾਲ ਹੋ ਸਕਣ।

ਵੋਟਾਂ ਪਾਉਣ ਲਈ ਬਟਨ ਦਬਾਉਂਦਿਆਂ ਵੋਟਰ ਪਿਛਲੇ ਪੰਜ ਸਾਲਾਂ ਦੌਰਾਨ ਹਰ ਪਾਰਟੀ ਦੀ ਕਾਰਗੁਜ਼ਾਰੀ ਵੱਲ ਜ਼ਰੂਰ ਨਿਗਾਹ ਮਾਰਨਗੇ ਕਿ ਕੀ ਕੀਤਾ ਅਤੇ ਕੀ ਨਹੀਂ ਕੀਤਾ। ਖਾਸ ਕਰ ਹਕੂਮਤ ਕਰਨ ਵਾਲੀ ਪਾਰਟੀ ਦਾ ਕੰਮਕਾਜ ਤਾਂ ਜ਼ਰੂਰ ਦੇਖਣਗੇ। ਉਹ ਇਸ ਗੱਲ 'ਤੇ ਵਿਚਾਰ ਕਰਨਗੇ ਕਿ ਕੀ ਖੱਟਿਆ, ਕੀ ਗਵਾਇਆ? ਫੇਰ ਹੀ ਕੋਈ ਨਿਰਣਾ ਲੈਣ ਦੇ ਯੋਗ ਹੋਣਗੇ।

ਜਿਸ ਸਿਆਸੀ ਪਾਰਟੀ ਨੇ ਹਕੂਮਤ ਵਿੱਚ ਹੁੰਦਿਆਂ ਵਾਅਦੇ ਨਾ ਨਿਭਾਏ ਹੋਣ ਅਤੇ ਲੋਕਾਂ ਨੂੰ ਲਾਰਿਆਂ 'ਤੇ ਟੰਗੀ ਰੱਖਿਆ ਹੋਵੇ, ਉਸ ਨੂੰ ਧੋਖੇਬਾਜ਼ ਗਰਦਾਨਦਿਆਂ ਉਸ ਤੋਂ ਹਰ ਸੂਰਤ ਦੂਰੀ ਬਣਾਈ ਰੱਖਣਗੇ। ਲੋਕਾਂ ਨੂੰ ਉਹ ਸਾਰਾ ਕੁਝ ਚੇਤੇ ਆਵੇਗਾ, ਜਿਹੜਾ ਪੂਰਾ ਨਹੀਂ ਕੀਤਾ ਗਿਆ। ਜਦ ਬੀਤਿਆ ਸਮਾਂ ਧੋਖੇ ਵਿੱਚ ਲੰਘਿਆ ਹੋਵੇ ਤਾਂ ਭਵਿੱਖ 'ਤੇ ਵੀ ਵਿਸ਼ਵਾਸ ਨਹੀਂ ਹੋ ਸਕਦਾ।

ਲੋਕਾਂ ਦੀਆਂ ਮੰਡਲੀਆਂ ਵਿੱਚ ਨਿੱਤ ਹੁੰਦੀ ਵਿਚਾਰ-ਚਰਚਾ ਵਿੱਚ ਉਸ ਕੁਝ ਨੂੰ ਚੇਤੇ ਕੀਤਾ ਜਾਂਦਾ ਹੈ, ਜੋ ਪੂਰਾ ਨਹੀਂ ਹੋਇਆ। ਹਰ ਸਾਲ ਦੋ ਕਰੋੜ ਬੇਰੁਜ਼ਗਾਰਾਂ ਨੂੰ ਨੌਕਰੀਆਂ ਨਹੀਂ ਮਿਲੀਆਂ। ਹਰ ਭਾਰਤ ਵਾਸੀ ਦੇ ਖਾਤੇ ਵਿੱਚ ਪੰਦਰਾਂ ਲੱਖ ਨਹੀਂ ਆਇਆ, ਕਾਲਾ ਧਨ ਬਾਹਰ ਦਾ ਬਾਹਰ ਹੀ ਰਹਿ ਗਿਆ। ਜੀ ਐੱਸ ਟੀ ਨੇ ਵਪਾਰੀ ਦੇ ਨਾਲ-ਨਾਲ ਆਮ ਲੋਕ ਵੀ ਮਾਰ ਲਏ।

ਭਾਰਤ ਨੂੰ ਹੁਣ ਉਸ ਸਿਆਸੀ ਪਾਰਟੀ ਦੀ ਜ਼ਰੂਰਤ ਨਹੀਂ, ਜੋ ਲੋਕਾਂ ਨਾਲ ਵਾਅਦੇ ਕਰਕੇ ਲੋਕਾਂ ਨਾਲ ਜੁਮਲਿਆਂ ਦਾ ਮਜ਼ਾਕ ਕਰੇ ਅਤੇ ਪੂਰੀ ਤਰ੍ਹਾਂ ਹੱਥ ਝਾੜ ਕੇ ਫੇਰ ਚੋਣਾਂ ਦੇ ਮੈਦਾਨ ਵਿੱਚ ਆ ਕੇ ਫੋਕੇ ਦਮਗਜੇ ਮਾਰੇ। ਲੋਕ ਇਹੋ ਜਿਹੀ ਸਿਆਸੀ ਪਾਰਟੀ 'ਤੇ ਕਿਸੇ ਕੀਮਤ 'ਤੇ ਮੁੜ ਯਕੀਨ ਨਹੀਂ ਕਰਨਗੇ, ਜਿਸ ਨੇ ਨੋਟਬੰਦੀ 'ਚ ਦੇਸ਼ ਨੂੰ ਭਰੋਸੇ 'ਚ ਨਾ ਲਿਆ ਹੋਵੇ, ਸਗੋਂ ਲੋਕਾਂ ਦੀਆਂ ਜਾਨਾਂ ਲੈ ਲਈਆਂ ਹੋਣ।



ਭੈਅ, ਨਫ਼ਰਤ, ਫਿਰਕਾਪ੍ਰਸਤੀ ਦਾ ਮਾਹੌਲ ਪੈਦਾ ਕਰਕੇ ਲੋਕਾਂ ਦੇ ਭਾਈਚਾਰੇ ਨੂੰ ਵੰਡ ਕੇ ਰੱਖ ਦਿੱਤਾ ਹੋਵੇ। ਜਾਤ-ਪਾਤ ਨੂੰ ਹਵਾ ਦੇ ਕੇ ਵਰਗ ਵੰਡ ਨੂੰ ਹੋਰ ਜਰ੍ਹਬ ਦਿੱਤੀ ਹੋਵੇ। ਸਰਕਾਰ ਨੇ ਦੇਸ਼ ਭਗਤੀ ਅਤੇ ਦੇਸ਼ ਧਰੋਹੀ ਦੇ ਸਰਟੀਫਿਕੇਟ ਦੇਣ ਦਾ ਕੰਮ ਖਾਹਮਖਾਹ ਆਪਣੇ ਹੱਥ ਲੈ ਲਿਆ ਹੋਵੇ। ਸਭ ਠੀਕ ਨਹੀਂ। ਇੱਥੋਂ ਤੱਕ ਦੇਸ਼ ਦੀ ਪ੍ਰੈੱਸ ਡਰ ਕੇ ਰਹਿ ਗਈ ਹੋਵੇ।

ਹਰ ਸਿਆਸੀ ਪਾਰਟੀ ਜਿੱਤ ਹੋਣ ਦੇ ਦਾਅਵੇ ਕਰ ਰਹੀ ਹੈ ਤਾਂ ਜੋ ਵੋਟਰਾਂ ਨੂੰ ਪ੍ਰਭਾਵਿਤ ਕੀਤਾ ਜਾ ਸਕੇ, ਪਰ ਇਹ ਸਭ ਜਾਣਦੇ ਹਨ ਕਿ ਲੋਕ ਸਭਾ ਦੇ ਹਰ ਹਲਕੇ ਵਿੱਚ ਜੇਤੂ ਇੱਕ ਨੇ ਰਹਿਣਾ ਹੈ, ਦੋ ਨੇ ਨਹੀਂ। ਇਸ ਲਈ ਦਾਅਵੇ ਜਿੰਨੇ ਮਰਜ਼ੀ ਕੀਤੇ ਜਾਂਦੇ ਰਹਿਣ, ਪਰ ਨਤੀਜੇ ਓਹੀ ਨਿਕਲਣਗੇ, ਜੋ ਵੋਟਾਂ ਨਾਲ ਲੋਕ ਚਾਹੁੰਣਗੇ। ਲੋਕ ਜੋ ਕਰਨਗੇ, ਚੰਗਾ ਹੀ ਕਰਨਗੇ।

ਹੁਣ ਲੋਕ ਪਹਿਲਾਂ ਨਾਲੋਂ ਵੱਧ ਜਾਗੇ ਹੋਏ ਹਨ ਅਤੇ ਹਕੂਮਤਾਂ ਦੇ ਕਾਰਜਾਂ ਦੀ ਪਰਖ ਪੜਚੋਲ ਕਰਕੇ, ਕਾਰਗੁਜ਼ਾਰੀ ਬਾਰੇ ਵਿਚਾਰ ਚਰਚਾ ਕਰਕੇ ਹੀ ਅੱਗੇ ਕਦਮ ਪੁੱਟਣਗੇ। ਲੱਗਦਾ ਹੈ ਇਸ ਵਾਰ ਦੇ ਨਤੀਜੇ ਚੰਗੇ ਲੋਕਾਂ ਨੂੰ ਮੁਲਕ ਦੀ ਹਕੂਮਤ ਦਾ ਚਾਰਜ ਸੰਭਾਲਣਗੇ, ਕਿਉਂਕਿ ਉਹ ਪੰਜ ਸਾਲ ਦੀ ਖੁਆਰੀ ਨਹੀਂ ਭੁੱਲਣਗੇ।

ਦੇਸ਼ ਦੀ ਪ੍ਰੈੱਸ ਦਾ ਫ਼ਰਜ਼ ਹੈ ਕਿ ਉਹ ਆਪ ਵੀ ਨਿੱਡਰ ਹੋਵੇ ਅਤੇ ਲੋਕਾਂ ਨੂੰ ਵੀ ਭੈਅ ਤੋਂ ਮੁਕਤ ਕਰਨ ਵਾਸਤੇ ਯਤਨ ਕਰੇ ਤਾਂ ਕਿ ਦੇਸ਼ ਵਿੱਚ ਪੈ ਰਹੀਆਂ ਵੋਟਾਂ ਦਾ ਰੁਝਾਨ ਜਨਤਾ ਦੇ ਭਲੇ ਵੱਲ ਤੁਰੇ। ਡਰ ਦੇ ਮਾਹੌਲ ਵਿੱਚ ਲੋਕ ਆਜ਼ਾਦੀ ਨਾਲ ਵੋਟ ਦੀ ਵਰਤੋਂ ਨਹੀਂ ਕਰ ਸਕਦੇ। ਇਸ ਲਈ ਜ਼ਰੂਰੀ ਹੈ ਕਿ ਮਾਹੌਲ ਆਜ਼ਾਦ ਹੋਵੇ।

ਜਿੱਥੋਂ ਗੱਲ ਸ਼ੁਰੂ ਕੀਤੀ ਸੀ, ਉੱਥੇ ਹੀ ਮੁੜ ਆ ਗਈ ਕਿ ਚੰਗੇ ਨਤੀਜੇ ਉਹੀ ਹੋਣਗੇ, ਜਿਨ੍ਹਾਂ ਨਾਲ ਜਨਤਾ ਦੀ ਜਿੱਤ ਹੋਵੇ। ਲੋਕਾਂ ਦੀ ਜਿੱਤ ਤਾਂ ਹੀ ਹੋਵੇਗੀ, ਜੇ ਹਕੂਮਤ ਉਨ੍ਹਾਂ ਦੇ ਭਲੇ ਵਾਲੀ ਆਵੇ ਤੇ ਦੇਸ਼ ਨੂੰ ਤਰੱਕੀ ਵੱਲ ਲਿਜਾਵੇ।

### ਪੰਜਾਬ ਦਾ ਦ੍ਰਿਸ਼

ਪੰਜਾਬ ਦਾ ਸਿਆਸੀ ਦ੍ਰਿਸ਼ ਅਜੇ ਸਾਫ਼ ਨਹੀਂ। ਕਈ ਹਲਕਿਆਂ ਵਿੱਚ ਅਜੇ ਤੱਕ ਉਥਲ-ਪੁਥਲ ਜਾਰੀ ਹੈ, ਜਿੱਥੇ ਉਮੀਦਵਾਰ ਪੱਕੇ ਨਹੀਂ ਹੋਏ। ਕਈ ਥਾਂ ਨਵੇਂ ਖੜ੍ਹੇ ਕਰ ਦਿੱਤੇ ਗਏ ਅਤੇ ਕਈ ਥਾਂ ਖੜ੍ਹੇ ਕੀਤੇ ਬਿਠਾ ਦਿੱਤੇ ਗਏ।

ਸਿਆਸੀ ਗੱਠਜੋੜ ਵੀ ਥਾਂ ਸਿਰ ਨਹੀਂ ਹੋਏ। ਸ਼੍ਰੋ-ਮਣੀ ਅਕਾਲੀ ਦਲ, ਆਪ ਵੰਡੇ ਪਏ ਦਲ ਹਨ, ਜਿਨ੍ਹਾਂ ਦੀ ਪਹਿਲਾਂ ਵਾਲੀ ਸਾਖ ਨਹੀਂ ਰਹੀ। ਸਭ ਤਹਿਸ-ਨਹਿਸ ਹੋ ਗਿਆ। ਜੇ ਕਿਹਾ ਜਾਵੇ ਤਾਂ ਏਹੀ ਹੈ ਕਿ ਵਿਰੋਧੀ ਧਿਰ ਲੀਰੋ-ਲੀਰ ਹੈ ਤੇ ਕੇਵਲ ਕਾਂਗਰਸ 'ਚ ਤ੍ਰੇੜ ਨਹੀਂ ਆਈ। ਜੇ ਆਈ ਵੀ ਹੈ ਤਾਂ ਘੁਰਕੀ ਨਾਲ ਦਬਾਣ ਦਾ ਕੰਮ ਕੀਤਾ ਜਾ ਰਿਹਾ। ਪੰਜਾਬ ਵਿੱਚ ਵੈਸੇ ਵੀ ਕਾਂਗਰਸ ਦੀ ਸਰਕਾਰ ਹੋਣ ਕਾਰਨ ਇਸ ਪਾਰਟੀ ਦਾ ਹੱਥ ਹੀ ਉੱਪਰ ਰਹੇਗਾ।

ਸ਼੍ਰੋ-ਮਣੀ ਅਕਾਲੀ ਦਲ ਨੇ ਲਗਾਤਾਰ ਦਸ ਸਾਲ ਰਾਜ ਕੀਤਾ, ਪਰ ਕਿਸਾਨਾਂ ਦਾ ਇੱਕ ਪੈਸਾ ਮਾਫ਼ ਨਹੀਂ ਕੀਤਾ। ਹੁਣ ਉਸ ਦੇ ਨੇਤਾ ਕਾਂਗਰਸ ਵੱਲੋਂ ਕਰੋੜਾਂ ਦੇ ਕੀਤੇ ਮੁਆਫ਼ ਕਰਜ਼ੇ 'ਤੇ ਉਂਗਲ ਉਠਾ ਰਹੇ ਹਨ, ਜਦਕਿ ਉਹ ਇਸ 'ਤੇ ਬੋਲਣ ਦਾ ਹੱਕ ਹੀ ਨਹੀਂ ਰੱਖਦੇ। ਅਕਾਲੀ ਦਲ ਕਿਸ ਮੂੰਹ ਨਾਲ ਵੋਟਾਂ ਮੰਗੇਗਾ। ਆਪ ਲੀਰੋ-ਲੀਰ ਹੋਣ ਕਾਰਨ ਲੋਕਾਂ ਦੇ ਮਨਾਂ 'ਚੋਂ ਲਹਿ ਗਈ। ਨਵੇਂ ਕੰਮ ਕਰਨ ਦੇ ਦਾਅਵੇ ਕਰਨ ਵਾਲੀ ਇਸ ਪਾਰਟੀ ਨੇ ਕੁਝ ਨਹੀਂ ਕੀਤਾ। ਇਸ ਪਾਰਟੀ ਦੀ ਆਪਸੀ ਲੜਾਈ ਨੇ ਪੰਜਾਬ ਦੇ ਲੋਕਾਂ ਦਾ ਜਿੱਤਿਆ ਜਤਾਇਆ ਵਿਸ਼ਵਾਸ ਤੋੜ ਕੇ ਰੱਖ ਦਿੱਤਾ। ਪੰਜਾਬ ਏਕਤਾ ਪਾਰਟੀ ਅਜੇ ਤੱਕ ਪੈਰ ਜਮਾਉਣ ਦਾ ਕੰਮ ਹੀ ਕਰ ਰਹੀ ਹੈ, ਜੋ ਲੱਗੇ ਨਹੀਂ। ਅੱਗੇ ਦੇਖੋ ਪੰਜਾਬ ਦੇ ਲੋਕ ਕੀ ਕਰਨਗੇ?

### ਕਿਰਪਾਲ ਸਿੰਘ ਕਸੇਲ

ਕਿਰਪਾਲ ਸਿੰਘ ਕਸੇਲ ਪੰਜਾਬੀ ਦੇ ਪਹਿਲੇ ਪਿਆਰਿਆਂ 'ਚੋਂ ਹੈ, ਜਿਸ ਨੇ ਸ਼ੁਰੂ-ਸ਼ੁਰੂ ਵਿੱਚ ਐੱਮ ਏ ਪੰਜਾਬੀ ਕੀਤੀ। ਬਹੁਤ ਸਾਰੀਆਂ ਮੌਲਿਕ ਸਿਰਜਣਾਵਾਂ ਕੀਤੀਆਂ ਅਤੇ ਨਾਲ ਦੀ ਨਾਲ ਅਨੁਵਾਦ ਦਾ ਕੰਮ ਕੀਤਾ। ਅੱਖਾਂ ਦੀ ਜੋਤ ਜਵਾਨੀ ਵਿੱਚ ਹੀ ਚਲੀ ਗਈ, ਫੇਰ ਵੀ ਜਗਦੀ ਜੋਤ ਵਾਲੇ ਕੰਮ ਕਰਕੇ ਆਪਣਾ ਹੀ ਨਹੀਂ, ਸਗੋਂ ਪੰਜਾਬੀ ਸਾਹਿਤ ਦਾ ਮਿਆਰ ਵੀ ਪੰਜਾਬੀਆਂ ਦੇ ਮਨਾਂ ਵਿੱਚ ਵਸਾ ਗਏ। ਉਨ੍ਹਾਂ ਦੀ ਸੰਸਾਰ ਯਾਤਰਾ ਪੂਰੀ ਹੋਣ ਨਾਲ ਪੰਜਾਬੀ ਸਾਹਿਤ ਅਤੇ ਪੰਜਾਬੀ ਸਾਹਿਤ ਨੂੰ ਬਹੁਤ ਘਾਟਾ ਪਿਆ।

### ਲਤੀਫ਼ੇ ਦਾ ਚਿਹਰਾ-ਮੋਹਰਾ

ਗਰਭਵਤੀ : ਡਾਕਟਰ ਸਾਹਿਬ ਮੈਂ ਕੀ-ਕੀ ਉਪਾਅ ਕਰਾਂ ਕਿ ਬੱਚਾ ਠੀਕ-ਠਾਕ ਹੀ ਹੋਵੇ।

ਡਾਕਟਰ : ਤੇਰੀ ਸਿਹਤ ਠੀਕ ਹੈ, ਬਸ ਸਿਆਸਤਦਾਨਾਂ ਦੇ ਭਾਸ਼ਣ ਨਾ ਸੁਣਨੇ, ਤਾਂ ਕਿ ਗਪੌੜੀ ਬੱਚੇ ਨੂੰ ਜਨਮ ਦੇਣ ਤੋਂ ਬਚੀ ਰਹੇਂ।

# ਡਾ ਭੀਮ ਰਾਓ ਅੰਬੇਡਕਰ ਦਾ ਸੰਵਿਧਾਨ ਖਤਰੇ ਵਿੱਚ- ਯਾਦਵ, ਘੁੜਿਆਲ

**ਜਲੰਧਰ-** ਇਨਕਲਾਬ ਦੇ ਸੱਚੇ ਆਸ਼ਕ, ਔਰਤਾਂ ਨੂੰ ਸਮਾਜ ਵਿੱਚ ਉੱਚਾ ਰੁਤਬਾ ਦੇਣ ਵਾਲੇ, ਗਰੀਬਾਂ, ਮਜਦੂਰਾਂ, ਅਨੂਸੁਚਿਤ ਅਤੇ ਪਛੜੇ ਵਰਗਾਂ ਤੋਂ ਇਲਾਵਾ ਧਾਰਮਿਕ ਘੱਟ ਗਿਣਤੀਆਂ ਦੇ ਮਸੀਹਾ, ਸਿੰਬਲ ਆਫ਼ ਨੌਲਜ, ਭਾਰਤੀ ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ਼ ਭੀਮ ਰਾਓ ਅੰਬੇਡਕਰ ਜੀ ਦਾ 128ਵਾਂ ਜਨਮ ਦਿਹਾੜਾ ਸ੍ਰੀ ਗੁਰੂ ਰਵਿਦਾਸ ਗੁਰੂਦੁਆਰਾ ਪ੍ਰਬੰਧਕ ਕਮੇਟੀ ਪੱਤੀ ਜਗੀਰਪੁਰ ਅਤੇ ਪਿੰਡ ਡਰੋਲੀ ਕਲਾਂ ਦੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬੀਤੇ ਦਿਨ ਗੁਰੂ ਰਵਿਦਾਸ ਧਰਮਸ਼ਾਲਾ ਵਿੱਚ ਮਨਾਇਆ ਗਿਆ।

ਪ੍ਰਧਾਨ ਬੂਟਾ ਰਾਮ ਜੀ ਦੀ ਅਗਵਾਈ ਅੰਦਰ ਕਰਵਾਏ ਇਸ ਪ੍ਰੋਗਰਾਮ ਵਿੱਚ ਵੱਖ ਵੱਖ ਸਖਸ਼ੀਅਤਾਂ ਨੇ ਆਪਣੀ ਹਾਜਰੀ ਲਗਵਾਈ ਅਤੇ ਆਪਣੇ ਕੀਮਤੀ ਵਿਚਾਰ ਰੱਖੇ ਜਿਹਨਾਂ ਵਿੱਚ ਸੀਨੀਅਰ ਬਸਪਾ ਆਗੂ ਵਿਜੇ ਯਾਦਵ,ਬਹੁਜਨ ਸਸਮਾਜ ਪਾਰਟੀ ਦੇ ਸਾਬਕਾ ਜਨਰਲ ਸਕੱਤਰ ਕੁਲਵੀਰ ਸਿੰਘ ਘੁੜਿਆਲ,ਬਸਪਾ ਆਗੂ ਕਮਲਜੀਤ ਮਾਣਕੋ, ਬਸਪਾ ਆਗੂ ਬਲਜੀਤ ਸਿੰਘ ਪਧਿਆਣਾ, ਬਸਪਾ ਆਗੂ ਬਲਜੀਤ ਮਿੱਠੂ ਬਸਤੀ, ਬਸਪਾ ਆਗੂ ਸਾਧੂ ਸਿੰਘ ਪਧਿਆਣਾ, ਗੁਰਚਰਨ ਸਿੰਘ ਜਖਮੀ ਬਸਪਾ ਆਗੂ, ਅਸ਼ੋਕ ਚੁੰਬਰ, ਪੂਜਾ ਹਰੀਪੁਰ, ਮਹਿੰਦਰ ਲਾਲ ਖਨੌੜਾ, ਸ਼ਿੰਦਰਪਾਲ ਅਜੜਾਮ ਆਦਿ ਸ਼ਾਮਿਲ ਹਨ। ਇਸ ਮੌਕੇ ਸੀਨੀਅਰ ਬਸਪਾ ਆਗੂ ਵਿਜੇ ਯਾਦਵ ਅਤੇ ਬਹੁਜਨ ਸਮਾਜ ਪਾਰਟੀ ਦੇ ਸਾਬਕਾ ਜਨਰਲ ਸਕੱਤਰ ਕੁਲਵੀਰ ਸਿੰਘ ਘੁੜਿਆਲ ਨੇ ਮੰਚ ਤੋਂ ਬੋਲਦਿਆਂ ਕਿਹਾ ਕਿ ਸਾਨੂੰ ਜਿਹਨਾਂ ਹਾਲਤਾਂ ਵਿੱਚੋਂ ਬਾਹਰ ਕੱਢਣ ਲਈ ਬਾਬਾ ਸਾਹਿਬ ਅੰਬੇਡਕਰ ਜੀ ਨੇ ਸਾਰੀ ਜਿੰਦਗੀ ਕਰੜਾ ਸੰਘਰਸ਼ ਕੀਤਾ ਸਾਡੀਆਂ ਆਪਣੀਆਂ ਨਾਕਾਮੀਆਂ ਕਰਕੇ ਅੱਜ ਉਹ ਪਹਿਲਾਂ ਜਿਹੇ ਹਾਲਤ ਦੁਬਾਰਾ ਦੇਸ਼ ਅੰਦਰ ਬਣਦੇ ਜਾ ਰਹੇ ਹਨ, ਬਾਬਾ ਸਾਹਿਬ ਡਾ਼ ਭੀਮ ਰਾਓ ਅੰਬੇਡਕਰ ਜੀ ਦਾ ਸੰਵਿਧਾਨ ਅੱਜ ਖਤਰੇ ਵਿੱਚ ਹੈ, ਭਾਰਤੀ ਜਨਤਾ ਪਾਰਟੀ ਬਾਬਾ ਸਾਹਿਬ ਦੁਆਰਾ ਬਣਾਏ ਸੰਵਿਧਾਨ ਨੂੰ ਖਤਮ ਕਰਨ ਵਿੱਚ ਲੱਗੀ ਹੋਈ ਹੈ ਪਰ ਦੂਜੇ ਪਾਸੇ ਕਾਂਗਰਸ ਪਾਰਟੀ ਇਸ ਮੁੱਦੇ ਤੇ ਬਿਲਕੁਲ ਚੁੱਪ ਬੈਠੀ ਹੈ, ਜਿਸਤੋਂ ਸਾਬਿਤ ਹੁੰਦਾ ਹੈ ਦੋਨਾਂ ਪਾਰਟੀਆਂ ਦੀ ਮਨਸ਼ਾ ਦੇਸ਼ ਵਿਰੋਧੀ ਅਤੇ ਲੋਕ ਤੰਤਰ ਵਿਰੋਧੀ ਹੈ।

ਉਹਨਾਂ ਅੱਗੇ ਬੋਲਦਿਆਂ ਕਿਹਾ ਕਿ ਜਦੋਂ ਵੀ ਦੇਸ਼ ਦੇ ਲੋਕਾਂ ਅਤੇ ਲੋਕਤੰਤਰ ਤੇ ਭੀੜ ਪੈਂਦੀ ਦੇਸ਼ ਵਿੱਚ ਸਿਰਫ ਬਹੁਜਨ ਸਮਾਜ ਪਾਰਟੀ ਦੀ ਰਾਸ਼ਟਰੀ ਪ੍ਰਧਾਨ,ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼ ਭੈਣ ਕੁਮਾਰੀ ਮਾਇਆਵਤੀ ਹੀ ਆਪਣੀ ਆਵਾਜ ਬੁਲੰਦ ਕਰਦੀ ਹੈ।

ਸਿੱਟੇ ਵਜੋਂ ਭੈਣ ਕੁਮਾਰੀ ਮਾਇਆਵਤੀ ਜੀ ਨੇ ਰਾਜ ਸਭਾ ਮੈਂਬਰ ਦੀ ਕੁਰਸੀ ਨੂੰ ਠੁਕਰਾ ਕੇ ਲੋਕ ਹਿਤੈਸ਼ੀ ਹੋਣ ਦਾ ਮਾਣ ਹਾਸਿਲ ਕੀਤਾ ਹੈ। ਦੋਵੇ ਸੀਨੀਅਰ ਆਗੂਆਂ ਨੇ ਇਸ ਵਾਰ ਭੈਣ ਕੁਮਾਰੀ ਮਾਇਆਵਤੀ ਜੀ ਨੂੰ ਪ੍ਰਧਾਨਮੰਤਰੀ ਬਣਾਉਣ ਲਈ ਲੋਕਾਂ ਅੱਗੇ ਅਪੀਲ ਕੀਤੀ। ਪ੍ਰੋਗਰਾਮ ਦੌਰਾਨ ਛੋਟੇ ਛੋਟੇ ਬੱਚਿਆਂ ਨੇ ਵੀ ਬਾਬਾ ਸਾਹਿਬ ਉੱਪਰ ਗੀਤ ਗਾ ਕੇ ਵਾਹ ਵਾਹ ਖੱਟੀ। ਪਿੰਡ ਵਾਸੀਆਂ ਨੇ ਬਾਬਾ ਸਾਹਿਬ ਦੀ ਤਸਵੀਰ ਉੱਪਰ ਫੁੱਲ ਚੜਾਉਦਿਆਂ ਕਸਮ ਖਾਧੀ ਕਿ ਉਹ ਬਾਬਾ ਸਾਹਿਬ ਦੇ ਸੰਵਿਧਾਨ ਵਿਰੋਧੀ ਪਾਰਟੀਆਂ ਨੂੰ ਮੂੰਹ ਨਹੀਂ ਲਾਉਣਗੇ। ਅੰਤ ਵਿੱਚ ਪੰਚ ਸੋਢੀ ਰਾਮ ਜੀ ਅਤੇ ਪ੍ਰਧਾਨ ਬੂਟਾ ਰਾਮ ਜੀ ਨੇ ਆਈਆਂ ਹੋਈਆਂ ਮੁੱਖ ਸਖਸ਼ੀਅਤਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਅਤੇ ਪ੍ਰੋਗਰਾਮ ਵਿੱਚ ਪਹੁੰਚਣ ਤੇ ਧੰਨਵਾਦ ਕੀਤਾ।

ਇਸ ਮੌਕੇ ਡਾਕਟਰ ਸੋਮ ਨਾਥ, ਸਰਪੰਚ ਰਸ਼ਪਾਲ ਸਿੰਘ, ਪੰਚ ਸਾਬ ਸਿੰਘ, ਗੁਰਮੀਤ ਰਾਮ, ਮੰਗਤ ਸਿੰਘ, ਰਾਜ ਕੁਮਾਰ, ਮੋਹਣ ਲਾਲ, ਅਜੀਤ ਰਾਮ, ਰਜਿੰਦਰ ਕੁਮਾਰ ਬਖਸ਼ੀ, ਪ੍ਰਿਤਪਾਲ ਸਿੰਘ, ਸੰਤੋਖ ਲਾਲ, ਰੇਸ਼ਮ ਕੌਰ, ਨੀਲਮ ਰਾਣੀ,ਦਰਸ਼ਨ ਕੌਰ,ਭੋਲੀ, ਸੀਮਾ ਰਾਣੀ ਅਤੇ ਤਾਨੀਆ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਬੱਚੇ, ਬਜੁਰਗ, ਬੀਬੀਆਂ ਅਤੇ ਨੌਜਵਾਨ ਵੀਰ ਹਾਜਰ ਸਨ।

# ਧਰਮ ਹੇਤ ਸਾਕਾ ਕਰਨ ਵਾਲੇ ਗੁਰੂ ਤੇਗ ਬਹਾਦਰ ਜੀ

**(ਸਫਾ 18 ਦੀ ਬਾਕੀ)**

ਬਹਾਦਰ ਸਾਹਿਬ ਅਤੇ ਉਨ੍ਹਾਂ ਦੇ ਸਾਥੀ ਤਿੰਨ ਮਹੀਨਿਆਂ ਤੋਂ ਵਧੀਕ ਸਮੇਂ ਤੱਕ ਰਹੇ।ਗੁਰੂ ਜੀ ਦੀ ਕੈਦ ਦੀ ਕਨਸੋਅ ਹਸਨ-ਅਬਦਾਲ ਵਿੱਚ ਔਰੰਗਜ਼ੇਬ ਤੱਕ ਵੀ ਪਹੁੰਚ ਗਈ ।

4 ਨਵੰਬਰ 1675 ਈ. ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਸੂਬੇਦਾਰ ਸਾਫੀਖਾਨ ਦੇ ਸਾਹਮਣੇ ਪੇਸ਼ ਕੀਤਾ ਗਿਆ। ਉਸ ਨੇ ਗੁਰੂ ਸਾਹਿਬ ਪ੍ਰਤੀ ਨਰਮ ਰਵੱਈਆ ਧਾਰਨ ਕਰਦਿਆਂ ਗੁਰੂ ਜੀ ਨੂੰ ਕੋਈ ਮੁਅੱਜ਼ਜਾ (ਕਰਾਮਾਤ) ਕਰਨ ਲਈ ਕਿਹਾ,ਪਰ ਗੁਰੂ ਜੀ ਨੇ ਕਿਹਾ ਕਿ ਕਰਾਮਾਤ ਦਾ ਪ੍ਰਮੇਸ਼ਰ ਦੀ ਭਗਤੀ ਨਾਲ ਕੋਈ ਸਬੰਧ ਨਹੀਂ, ਇਹ ਤਾਂ ਕੇਵਲ ਮਨੁੱਖੀ ਹਉਮੈ ਦਾ ਹੀ ਪ੍ਰਗਟਾਵਾ ਹੈ।5 ਨਵੰਬਰ ਨੂੰ ਗੁਰੂ ਸਾਹਿਬ ਨੂੰ ਫਿਰ ਕਰਾਮਾਤ ਵਿਖਾਉਣ ਜਾਂ ਇਸਲਾਮੀ ਮਤ ਨੂੰ ਗ੍ਰਹਿਣ ਕਰਨ ਲਈ ਕਿਹਾ ਗਿਆ ਪਰ ਗੁਰੂ ਤੇਗ ਬਹਾਦਰ ਸਾਹਿਬ ਨੇ ਮੁੜ ਇਸ ਤਜਵੀਜ਼ ਨੂੰ ਠੁਕਰਾ ਦਿੱਤਾ।

6 ਨਵੰਬਰ ਵਾਲੇ ਦਿਨ ਕਾਜ਼ੀ ਕੋਤਵਾਲੀ ਆ ਧਮਕਿਆ। ਉਸ ਨੇ ਦਰੋਗੇ ਨੂੰ ਗੁਰੂ ਸਾਹਿਬ ਨੂੰ ਖੌਫ਼ਨਾਕ ਤਸੀਹੇ ਦੇਣ ਦੀ ਸਲਾਹ ਦਿੱਤੀ ਤਾਂ ਜੋ ਉਹ ਆਪਣੀ ਹਾਰ ਮੰਨ ਕੇ ਇਸਲਾਮੀ ਕਦਰਾਂ-ਕੀਮਤਾਂ ਨੂੰ ਅਪਣਾ ਲੈਣ।ਕਾਜ਼ੀ ਦੇ ਹੁਕਮ ਦੀ ਸਖਤੀ ਨਾਲ ਪਾਲਣਾ ਕਰਦਿਆਂ ਦਰੋਗੇ ਨੇ ਲਗਾਤਾਰ ਤਿੰਨ ਦਿਨ ਤਰ੍ਹਾਂ-ਤਰ੍ਹਾਂ ਦੇ ਤਸੀਹੇ ਦੇ ਕੇ ਗੁਰੂ ਸਾਹਿਬ ਨੂੰ ਈਨ ਮਨਾਉਣ ਦੀ ਨਾਕਾਮ ਕੋਸ਼ਿਸ਼ ਕੀਤੀ।ਨਵੰਬਰ ਮਹੀਨੇ ਦੇ ਦੱਸਵੇਂ ਦਿਨ ਤਾਂ ਮੁਗਲੀਆ ਹਕੂਮਤ ਦੇ ਤਸ਼ੱਦਦ ਵਾਲੀ ਹੱਦ ਹੀ ਹੋ ਗਈ। ਇਸ ਦਿਨ ਗੁਰੂ ਸਾਹਿਬ ਨੂੰ ਤੱਤੇ ਥੰਮ ਨਾਲ ਲਗਾਇਆ ਗਿਆ।

ਅਡੋਲ ਚਿੱਤ ਸਤਿਗੁਰਾਂ ਨੇ ਹਕੂਮਤੀ ਜ਼ਬਰ ਨੂੰ ਅਕਾਲ-ਪੁਰਖ ਦੇ ਭਾਣੇ ਵੱਜੋਂ ਖਿੜੇ ਮੱਥੇ ਪ੍ਰਵਾਨ ਕਰ ਲਿਆ ਜਿਸ ਕਾਰਨ ਭਿਆਨਕ ਤੋਂ ਭਿਆਨਕ ਤਸੀਹੇ ਦੇ ਕੇ ਵੀ ਕਾਜ਼ੀ ਦੀ ਕੋਈ ਪੇਸ਼ ਨਹੀਂ ਚੱਲ ਸਕੀ।ਥੱਕ-ਹਾਰ ਕੇ ਉਸ ਨੇ ਇੱਕ ਹੋਰ ਘਟੀਆ ਪੈਂਤੜਾ ਵਰਤੋਂ ਵਿੱਚ ਲਿਆਂਦਾ ਜਿਸ ਤਹਿਤ ਉਸ ਨੇ ਗੁਰੂ ਘਰ ਦੇ ਤਿੰਨ ਸਿਦਕੀ ਸਿੱਖਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਘੋਰ ਤਸੀਹੇ ਦੇ ਕੇ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਅੱਖਾਂ ਸਾਹਮਣੇ ਸ਼ਹੀਦ ਕਰ ਦਿੱਤਾ।

11 ਨਵੰਬਰ 1675 ਈ. ਨੂੰ ਵੀਰਵਾਰ ਵਾਲੇ ਦਿਨ ਗੁਰੂ ਸਾਹਿਬ ਨੂੰ ਕੋਤਵਾਲੀ ਵਿੱਚੋਂ ਬਾਹਰ ਕੱਢਿਆ ਗਿਆ।ਜੇਕਰ ਗੁਰੂ ਸਾਹਿਬ ਦੇ ਸਿੱਖ ਇਨ੍ਹਾਂ ਖੌਫ-ਨਾਕ ਤਸੀਹਿਆਂ ਅੱਗੇ ਨਹੀਂ ਝੁਕ ਸਕੇ ਤਾਂ ਗੁਰੂ ਸਾਹਿਬ ਦੇ ਝੁਕਣ ਦੀ ਕੋਈ ਉਮੀਦ ਕਰਨੀ ਕਾਜ਼ੀ ਅਬਦੁਲ ਵਹਾਬ ਲਈ ਇੱਕ ਮੂਰਖਤਾ ਦੀ ਨਿਆਂਈ ਹੀ ਕਹੀ ਜਾ ਸਕਦੀ ਸੀ।ਝੁੰਝਲਾਹਟ ਵਿੱਚ ਆ ਕੇ ਇਸ ਕਾਜ਼ੀ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਸੀਸ ਧੜ ਤੋਂ ਤਲਵਾਰ ਨਾਲ ਜੁਦਾ ਕਰ ਦੇਣ ਦਾ ਫ਼ਤਵਾ ਜਾਰੀ ਕਰ ਦਿੱਤਾ।ਕਾਜੀ ਅਬਦੁਲ ਵਹਾਬ ਵੂਹਰਾ ਦੇ ਫ਼ਤਵੇ ਮੁਤਾਬਕ ਚਾਂਦਨੀ ਚੌਂਕ ਦੇ ਕੋਤਵਾਲੀ ਵਾਲੇ ਬੋਹੜ ਹੇਠਾਂ ਬੈਠੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹੀਦ ਕਰਨ ਦਾ ਅਮਲ ਆਰੰਭ ਕਰ ਦਿੱਤਾ ਗਿਆ।ਸਮਾਣਾ ਦੇ ਰਹਿਣ ਵਾਲੇ ਜੱਲਾਦ ਜਲਾਲੁੱਦੀਨ ਨੇ ਕਾਜ਼ੀ ਦਾ ਸੰਕੇਤ ਪਾ ਕੇ ਤਲਵਾਰ ਦੇ ਜ਼ੋਰਦਾਰ ਵਾਰ ਨਾਲ ਗੁਰੂ ਸਾਹਿਬ ਦਾ ਸੀਸ ਧੜ ਤੋਂ ਵੱਖ ਕਰ ਦਿੱਤਾ।ਉਸ ਵਕਤ ਗੁਰੂ ਸਾਹਿਬ ਜਪੁਜੀ ਸਾਹਿਬ ਜੀ ਦਾ ਪਾਠ ਕਰ ਰਹੇ ਸਨ।

ਮਨੁੱਖਤਾ ਦੇ ਇਤਿਹਾਸ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਨੂੰ ਇੱਕ ਅਦੁੱਤੀ ਸ਼ਹੀਦੀ ਵੱਜੋਂ ਪ੍ਰਵਾਨ ਕੀਤਾ ਜਾਂਦਾ ਹੈ। ਕਿਉਂਕਿ ਇਹ ਸ਼ਹਾਦਤ ਕੱਟੜਵਾਦੀ ਕਦਰਾਂ-ਕੀਮਤਾਂ ਨੂੰ ਨਜ਼ਰਅੰਦਾਜ ਕਰਕੇ ਧਾਰਮਿਕ ਸੁਤੰਤਰਤਾ ਅਤੇ ਮਨੁੱਖੀ ਹੱਕਾਂ ਦੀ ਬਰਾਬਰੀ ਹਿੱਤ ਦਿੱਤੀ ਗਈ ਹੈ।ਜਿਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿਚ ਨਾ ਦੇ ਬਰਾਬਰ ਹੀ ਮਿਲਦੀ ਹੈ।

# ਭਾਜਪਾ ਨੇ ਗੁਰਦਾਸਪੁਰ ਤੋਂ ਸੰਨੀ ਦਿਓਲ, ਹੁਸ਼ਿਆਰਪੁਰ ਤੋਂ ਸੋਮ ਪ੍ਰਕਾਸ਼ ਤੇ ਚੰਡੀਗੜ੍ਹ ਤੋਂ ਕਿਰਨ ਖੇਰ ਮੈਦਾਨ ਵਿਚ ਉਤਾਰੇ

**ਚੰਡੀਗੜ੍ਹ (ਬਿਊਰੋ)-** ਭਾਜਪਾ ਨੇ ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਫਿਲਮੀ ਅਦਾਕਾਰ ਸੰਨੀ ਦਿਓਲ ਨੂੰ ਉਮੀਦਵਾਰ ਬਣਾਇਆ ਹੈ ਜਦ ਕਿ ਹੁਸ਼ਿਆਰਪੁਰ (ਰਾਖਵਾਂ) ਤੋਂ ਕੇਂਦਰੀ



ਰਾਜ ਮੰਤਰੀ ਵਿਜੈ ਸਾਂਪਲਾ ਦਾ ਪੱਤਾ ਕੱਟਦੇ ਹੋਏ ਫਗਵਾੜਾ ਦੇ ਵਿਧਾਇਕ ਸੋਮ ਪ੍ਰਕਾਸ਼ ਨੂੰ ਉਮੀਦਵਾਰ ਬਣਾਇਆ ਗਿਆ ਹੈ।

ਇਸ ਤੋਂ ਇਲਾਵਾ ਚੰਡੀਗੜ੍ਹ ਤੋਂ ਮੁੜ ਅਦਾਕਾਰਾ ਤੇ ਮੌਜੂਦਾ ਐੱਮਪੀ ਕਿਰਨ ਖੇਰ 'ਤੇ ਭਰੋਸਾ ਪ੍ਰਗਟ ਕਰਦਿਆਂ ਉਮੀਦਵਾਰ ਬਣਾਇਆ ਗਿਆ ਹੈ। ਸੰਨੀ ਦਿਓਲ ਨੂੰ ਚੋਣ ਮੈਦਾਨ ਵਿਚ ਉਤਾਰਨ ਨਾਲ ਗੁਰਦਾਸਪੁਰ ਹਲਕੇ ਵਿਚ ਚੋਣ ਮੁਕਾਬਲਾ ਬਹੁਤ ਸਖ਼ਤ ਤੇ ਦਿਲਚਸਪ ਹੋਣ ਦੇ ਆਸਾਰ ਬਣ ਗਏ ਹਨ। ਭਾਜਪਾ ਵੱਲੋਂ ਗੁਰਦਾਸਪੁਰ ਤੋਂ ਪਹਿਲਾਂ ਹੀ ਸੈਲੀਬ੍ਰੇਟੀ ਚਿਹਰਾ ਚੋਣ ਮੈਦਾਨ ਵਿਚ ਉਤਾਰਨ ਦੀਆਂ ਕਨਸੋਆਂ ਮਿਲ ਰਹੀਆਂ ਸਨ।

# ਲੋਕਾਂ ਦਾ ਰਾਖਾ

## (ਮਿੱਤਰ, ਵੱਡੇ ਭਾਈ ਸੈਮੂਅਲ ਜੌਹਨ ਦੇ ਜਨਮ ਦਿਨ 'ਤੇ)

ਉਹ ਸੱਧਰ ਜਗਾਉਂਦਾ ਹੈ
ਜਦੋਂ ਡਫਲੀ ਵਜਾਉਂਦਾ ਹੈ

ਪੈਰਾਂ ਨੂੰ ਸਫਰ ਦਿੰਦਾ
ਸਿਰ ਨੂੰ ਸਵਾਲ ਦਿੰਦਾ
ਰੂਹ ਨੂੰ ਚਿੰਤਨ ਦਾ ਕਵਾਲ ਦਿੰਦਾ
ਆਪ ਹੱਸ ਪੈਂਦਾ
ਦੂਜੇ ਨੂੰ ਰੋਣ ਲਾ ਦਿੰਦਾ ਹੈ

ਭਾਵਨਾ ਲਈ ਸਤਿਕਾਰ ਰੱਖਦਾ
ਸੁੱਤਿਆਂ ਲਈ ਆਰ ਰੱਖਦਾ
ਲੋਕਾਂ ਦੇ ਦੇਖਣ ਲਈ ਅੱਖ ਬਣਦਾ
ਸੁਣਨ ਲਈ ਕੰਨ ਬਣਦਾ
ਤਕਲੀਫ਼ ਝੱਲਣ ਨੂੰ ਰੋਮ ਬਣਦਾ
ਪਤਾ ਨਹੀਂ
ਉਸ ਅੰਦਰੋਂ ਕੀ -ਕੀ ਛਣਦਾ

ਉਹ ਆਵਾਜ਼ ਹੈ
ਉਹ ਜੀਭ ਹੈ
ਜਿਹੜੀ ਜ਼ੁਲਮ ਚੀਰਦੀ ਹੈ
ਲੋਟੂਆਂ ਨੂੰ ਵੰਗਾਰਦੀ ਹੈ
ਜੋ ਕਦੇ ਨਹੀਂ ਹਾਰਦੀ ਹੈ

ਔਖਿਆਂ ਲਈ ਓਟ
ਪਿਆਸਿਆਂ ਲਈ ਓਕ
ਲੋਕਾਂ ਦਾ ਲੋਕ
ਰੋਂਦਿਆਂ ਦੇ ਨਾਲ ਰੋਂਦਾ ਹੈ
ਹਸਦਿਆਂ ਨੂੰ ਹਸਣ ਦਾ ਹੌਸਲਾ ਦਿੰਦਾ ਹੈ

ਪ੍ਰੇਮ ਦਾ ਗੀਤ ਗਾਉਂਦਾ
ਕਾਲ਼ੇ ਰੰਗਾਂ
ਕਾਲ਼ੇ ਚਿਹਰਿਆਂ
ਕਰੇੜੇ ਦੰਦਾਂ
ਅੱਟਣੇ ਹੱਥਾਂ ,ਪੈਰਾਂ ਨੂੰ ਨਾਚ ਦਿੰਦਾ ਹੈ
ਉਨ੍ਹਾਂ ਦੇ ਨਾਲ ਨੱਚਦਾ ਹੈ
ਉਹਨਾਂ ਨੂੰ ਨੱਚਦੇ ਦੇਖ ਖੀਵਾ ਹੁੰਦਾ ਹੈ
ਪਰ ਜਦੋਂ ਹੀ ਪਰ੍ਹਾਂ ਹੁੰਦਾ
ਭੁੱਬ ਮਾਰ ਰੋਂਦਾ ਹੈ
ਉਹਨਾਂ ਤੋਂ ਖੋਹੇ ਨਾਚਾਂ ਦੀ ਪੈੜ ਲੱਭਦਾ ਹੈ

ਨਵੇਂ ਰਾਹਾਂ ਨੂੰ ਗੱਲਵਕੜੀ 'ਚ ਲੈ
ਕੰਡਿਆਂ ਦਾ ਸੁਆਗਤ ਕਰਦਾ ਹੈ

ਉਹ ਝੂਠੇ ਨਾਟਕ ਨਹੀਂ ਕਰਦਾ
ਇਹ ਉਸਦਾ ਕਰਮ ਨਹੀਂ
ਪੇਸ਼ਾ ਨਹੀਂ
ਬਸ ਸੱਚ 'ਚ ਡੁਬਿਆ
ਨਾਟਕ ਹੀ
ਉਸ ਕੋਲ ਆਉਂਦਾ ਹੈ
ਉਹ ਬਸ ਉਸੇ ਨੂੰ ਧਿਆਉਂਦਾ ਹੈ

ਉਸ ਦੇ ਪਾਤਰ ਪ੍ਰੇਤ ਨਹੀਂ
ਧਰਤੀ 'ਤੇ ਰਹਿੰਦੇ ਲੜਦੇ ਹਨ
ਅੱਖਾਂ 'ਚ ਅੱਖ ਪਾਉਂਦੇ
ਜਿਊਣ ਨੂੰ ਮੇਲਾ ਬਣਾਉਂਦੇ
ਜੂਝਣਾ ਸਿਖਾਉਂਦੇ

ਜੂਝਣਾ 'ਨਾਟਕ' ਨਹੀਂ
ਜੂਝਣਾ ਜੀਵਨ ਹੁੰਦਾ ਹੈ

ਹੁਣ ਉਸਨੇ ਡਫਲੀ ਪੁੱਠੀ ਕਰ ਲਈ ਹੈ
ਬੇਬੇ ਨੇ ਚੁੰਨੀ 'ਚ ਬੰਨ੍ਹੇ ਪੰਜ ਰੁਪਈਏ
ਡਫਲੀ 'ਚ ਪਾ ਕੇ
ਉਸ ਦਾ ਸਿਰ ਪਲੋਸ ਦਿੱਤਾ ਹੈ

ਉਸ ਦੇ ਮੋਢਿਆਂ 'ਤੇ ਭਾਰ ਵਧ ਗਿਆ ਹੈ

ਉਹ ਹੁਣ
ਬਾਗਾਂ ਦਾ ਰਾਖਾ ਨਹੀਂ
ਲੋਕਾਂ ਦਾ ਰਾਖਾ ਹੋ ਗਿਆ ਹੈ
ਉਹ ਜਗਾਵਾ ਹੋ ਗਿਆ ਹੈ
ਆਓ!
ਉਸਦੇ ਨਾਲ ਜਾਗੀਏ...

**-ਸੰਤੋਖ ਸਿੰਘ ਸੁੱਖੀ**
91-88725-11179

# ਵਾਰਨਿੰਗ

ਵੇ ਸੇਹਰਿਆਂ ਨਾਲ ਵਿਆਹੀ ਸੀ ਹੁਣ ਗੱਲ ਤੈਨੂੰ ਮੈਂ ਕਹਿੰਦੀ
ਦੁਖੀ ਬੰਦਾ ਤਾਂ ਲੱਭੇ ਆਸਰਾ ਡਰਕੇ ਨਾ ਮੈਂ ਰਹਿੰਦੀ
ਬੜਾ ਵਰਜਿਆ ਨਾ ਹਟਿਆ ਨਿੱਤ ਆਉਂਦਾ ਸੀ ਮੂੰਹ ਹਨੇਰੇ
ਵੇ ਮੈਂ ਹੋ ਗਈ ਸਾਧਣੀ, ਬਹਿ ਜਾਣਾ ਕਿਸੇ ਸਾਧ ਦੇ ਡੇਰੇ।

ਡੇਰਿਆਂ ਦੇ ਵਿਚ ਜਾਣਾ ਪੈਂਦਾ ਜਾ ਕੇ ਖੁਸ਼ੀ ਮਨਾਉਂਦੇ
ਉਥੇ ਖੁੱਲ੍ਹੇ ਨੇ ਦਰਵਾਜ਼ੇ ਸਾਰੇ ਰੱਬ ਆਸਰੇ ਜਿਉਂਦੇ
ਹਾਰ ਹੰਭ ਕੇ ਪਿੱਟੀ ਹਾਂ ਹੁਣ ਕੰਨ ਖੋਲ੍ਹ ਦਿਊਂ ਤੇਰੇ
ਵੇ ਮੈਂ ਹੋ ਗਈ ਸਾਧਨੀ ਬਹਿ .............

ਵੇਖ ਤੇਰੀ ਦਾਰੂ ਮੈਨੂੰ ਮਾਰੂ ਕੀ ਲੈਣਾ ਇੱਥੇ ਰਹਿ ਕੇ
ਕਮਲੀ ਕਰਤੀ ਸਿਰ ਦਿਆ ਸਾਈਆਂ ਗੱਲ ਸੁਣੀ ਤੂੰ ਬਹਿ ਕੇ
ਤੇਰੇ ਕੰਨ 'ਤੇ ਜੂੰ ਨਾ ਸਰਕੀ ਗੱਲਾਂ ਹੋਈਆਂ ਚਾਰ ਚੁਫੇਰੇ
ਵੇ ਮੈਂ ਹੋ ਗਈ ਸਾਧਨੀ ਬਹਿ .............

ਵਿਆਹ ਦੀ ਖਾਤਰ ਤੇਰੇ ਲਈ ਸੀ ਮਾਪਿਆਂ ਮਸਾਂ ਮਨਾਇਆ
ਰੱਬ ਦਾ ਕੀਤਾ ਸ਼ੁਕਰ ਉਦੋਂ ਪਰ ਤੂੰ ਨਾ ਕੋਈ ਗੁਣ ਪਾਇਆ
ਇਕ ਨਾ ਮੰਨੀ ਵੀਰਾਂ ਦੀ ਮੈਨੂੰ ਸੀ ਤਾਂ ਸਾਕ ਬਥੇਰੇ
ਵੇ ਮੈਂ ਹੋ ਗਈ ਸਾਧਨੀ ਬਹਿ .............

ਆਹ ਚੁੱਕ ਚਾਬੀ ਘਰ ਸਾਂਭੀ ਤੈਨੂੰ ਆਖਰੀ ਫਤਿਹ ਬੁਲਾਤੀ
ਸੱਟ ਵੱਜੀ ਮੇਰੇ ਦਿਲ 'ਤੇ ਜ਼ਿੰਦਗੀ ਖੂਹ ਖਾਤੇ ਵਿਚ ਪਾਤੀ
'ਦੇਵ ਘੋਲੀਏ' ਵਾਲਿਆ ਵੇ ਨਿੱਤ ਲੜਦਾ ਸੀ ਸ਼ਾਮ ਸਵੇਰੇ
ਵੇ ਮੈਂ ਹੋ ਗਈ ਸਾਧਨੀ ਬਹਿ ਜਾਣਾ ਕਿਸੇ ਸਾਧ ਦੇ ਡੇਰੇ।



**-ਦੇਵ ਘੋਲੀਆ ਖੁਰਦ**
**(ਫਰਿਜ਼ਨੋ)**
559-232-7764

# ਸਮਾਂ..

ਪਹਿਲਾਂ ਪੱਥਰਾਂ ਦੇ ਨਾਲ ਬੁੱਤ ਤਰਾਸੇ ਜਾਂਦੇ ਸੀ,
ਪਰ ਹੁਣ ਲੋਕਾਂ ਨੇ ਹਿਰਦਾ ਪੱਥਰ ਕਰ ਲਿਆ ਏ।

ਸੱਪ ਬਣ ਕੇ ਆਪਣਾ ਆਪਣਿਆਂ ਦੇ ਡੰਗ ਮਾਰੇ,
ਪਤਾ ਲੱਗੇ ਨਾ ਕਿਸ ਦੇਵਤੇ ਕੋਲੋਂ ਵਰ ਲਿਆ ਏ।

ਏਥੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦਾ ਦੌਰ ਚੱਲੇ,
ਲੱਗੇ ਅਕਲਾਂ ਤਾਈਂ, ਪੰਜ ਵਿਕਾਰਾਂ ਹਰ ਲਿਆ ਏ।

ਏਥੇ ਸੱਚ, ਧਰਮ ਦੀ ਬੇੜੀ ਡੁੱਬਦੀ ਵਿੱਚ ਸਮੁੰਦਰ ਦੇ,
ਲੱਗੇ ਕੂੜ-ਕਪਟ ਇਹ ਪਾਰ ਸਮੁੰਦਰ ਕਰ ਲਿਆ ਏ।

ਮਾਨਵਤਾ ਉੱਜੜੀ ਇਸ ਦਾ ਕੋਈ ਬਾਲੀਵਾਰਸ ਨਹੀਂ,
ਅਮਾਨਵਤਾ ਕੁਲੱਸ਼ਣੀ ਕਬਜ਼ਾਂ ਘਰ 'ਤੇ ਕਰ ਲਿਆ ਏ।

ਅੱਜਕਲ੍ਹ ਸਮਾਂ ਜੇ ਉੱਲਟੇ-ਪੁਲਟੇ ਗੇੜੇ ਕੱਢਦਾ ਏ,
ਪਰਸ਼ੋਤਮ ਨੇ ਵੀ ਤਾਂ, ਸੀਸ ਤਲੀ 'ਤੇ ਧਰ ਲਿਆ ਏ।

**ਪਰਸ਼ੋਤਮ ਲਾਲ ਸਰੋਏ**
91-92175-44348



# ਆਦਿ ਧਰਮ ਦੇ ਬਾਨੀ, ਗਦਰੀ ਯੋਧੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਯਾਦ ਵਿਚ ਵਿਸ਼ੇਸ਼



ਕਿਹਾ ਕਿਸਨੇ ਮਸੀਹਾ ਤੁਰ ਗਿਆ ਸੀ ਇਸ ਦਿਹਾੜੇ ਨੂੰ
ਫਿਜ਼ਾਵਾਂ ਨਾਲ ਹੋ ਇਕ ਸੁਰ ਗਿਆ ਸੀ ਇਸ ਦਿਹਾੜੇ ਨੂੰ

ਅਮਰ ਹੋ ਕੇ ਦਿਲਾਂ ਵਿਚ ਘਰ ਬਣਾ ਹਰ ਆਦਿ ਧਰਮੀ ਦੇ
ਲੜਨ ਦਾ ਹੋਰ ਦੇ ਇਕ ਗੁਰ ਗਿਆ ਸੀ ਇਸ ਦਿਹਾੜੇ ਨੂੰ

ਹਜ਼ਾਰਾਂ ਹੋਰ ਮੰਗੂ ਰਾਮ ਪੈਦਾ ਕਰ ਗਿਆ ਹੈ ਉਹ
ਦਿਖਾਕੇ ਫਿਰ ਬੇਗਮ ਪੁਰ ਗਿਆ ਸੀ ਇਸ ਦਿਹਾੜੇ ਨੂੰ

ਜਵਾਨਾਂ ਦੇ ਦਿਲਾਂ ਵਿਚ ਜੀ ਰਿਹਾ ਹੈ ਇਨਕਲਾਬੀ ਬਣ
ਨਵਾਂ ਫੁੱਟ ਜੋਸ਼ ਦਾ ਅੰਕੁਰ ਗਿਆ ਸੀ ਇਸ ਦਿਹਾੜੇ ਨੂੰ

ਬਿਨਾਂ ਮੰਗੇ ਨਹੀਂ ਮਿਲਦੇ ਬਿਨਾ ਲੜਿਆਂ ਨਹੀਂ ਹਾਸਲ
ਉਦੇ ਵਲ ਦੇਖ ਫੁਰਨਾ ਫੁਰ ਗਿਆ ਸੀ ਇਸ ਦਿਹਾੜੇ ਨੂੰ

ਰਲੋ ਇਸ ਦਿਵਸ ਨੂੰ ਸੋਮਾ ਬਣਾ ਕੇ ਏਕਤਾ ਵਾਲਾ
ਸਹੀ ਹੈ, ਰੂਪ ਹੋ ਆਤੁਰ ਗਿਆ ਸੀ ਇਸ ਦਿਹਾੜੇ ਨੂੰ।

**- ਰੂਪ ਸਿੱਧੂ**

# ਸਾਧਵੀ ਪ੍ਰੱਗਿਆ ਵੱਲੋਂ ਰਾਮ ਮੰਦਰ ਬਾਰੇ ਵਿਵਾਦਤ ਬਿਆਨ; ਦੂਜਾ ਨੋਟਿਸ ਜਾਰੀ

**ਭੋਪਾਲ-** ਮੁੰਬਈ ਅਤਿਵਾਦੀ ਹਮਲੇ ਵਿਚ ਸ਼ਹੀਦ ਹੋਏ ਤਤਕਾਲੀ ਏਟੀਐੱਸ ਮੁਖੀ ਹੇਮੰਤ ਕਰਕਰੇ ਬਾਰੇ ਵਿਵਾਦਤ ਟਿੱਪਣੀ ਕਰਨ ਤੋਂ ਦੋ ਦਿਨ ਬਾਅਦ ਸਾਧਵੀ ਪ੍ਰੱਗਿਆ ਸਿੰਘ ਠਾਕੁਰ ਨੇ ਹੁਣ ਅਯੁੱਧਿਆ ਰਾਮ ਜਨਮਭੂਮੀ-ਬਾਬਰੀ ਮਸਜਿਦ ਮਾਮਲੇ 'ਤੇ ਇਕ ਹੋਰ ਵਿਵਾਦਤ ਬਿਆਨ ਦੇ ਦਿੱਤਾ ਹੈ।

ਅਯੁੱਧਿਆ ਵਿਚ ਰਾਮ ਮੰਦਰ ਨਿਰਮਾਣ ਦੇ ਮੁਕੰਮਲ ਹੋਣ ਬਾਰੇ ਪੁੱਛੇ ਗਏ ਇਕ ਸਵਾਲ ਦੇ ਜਵਾਬ ਵਿਚ ਭੋਪਾਲ ਲੋਕ ਸਭਾ ਸੀਟ ਤੋਂ ਭਾਜਪਾ ਉਮੀਦਵਾਰ ਪ੍ਰੱਗਿਆ ਨੇ ਸ਼ਨਿਚਰਵਾਰ ਨੂੰ ਇਕ ਟੀਵੀ ਚੈਨਲ ਨਾਲ ਗੱਲਬਾਤ ਕਰਦਿਆਂ ਕਿਹਾ 'ਰਾਮ ਮੰਦਰ ਅਸੀਂ ਬਣਾਵਾਂਗੇ ਤੇ ਇਹ ਸ਼ਾਨਦਾਰ ਹੋਵੇਗਾ'। ਪ੍ਰੱਗਿਆ ਨੇ ਕਿਹਾ 'ਅਸੀਂ ਤੋੜਨ ਗਏ ਸੀ (ਬਾਬਰੀ ਮਸਜਿਦ) ਢਾਂਚਾ। ਮੈਂ ਚੜ੍ਹ ਕੇ ਤੋੜਿਆ ਸੀ ਢਾਂਚਾ। ਮੈਨੂੰ ਈਸ਼ਵਰ ਨੇ ਸ਼ਕਤੀ ਦਿੱਤੀ ਸੀ। ਅਸੀਂ ਦੇਸ਼ ਦਾ ਕਲੰਕ ਮਿਟਾਇਆ ਹੈ।' ਇਸ ਸਬੰਧ ਵਿਚ ਚੋਣ ਕਮਿਸ਼ਨ ਨੇ ਜ਼ਾਬਤੇ ਦਾ ਉਲੰਘਣ ਕਰਨ ਲਈ ਪ੍ਰੱਗਿਆ ਨੂੰ ਸ਼ਨਿਚਰਵਾਰ ਦੇਰ ਰਾਤ ਨੋਟਿਸ ਜਾਰੀ ਕਰ ਦਿੱਤਾ ਹੈ। ਕਮਿਸ਼ਨ ਨੇ ਉਸ ਕੋਲੋਂ 24 ਘੰਟੇ ਵਿਚ ਜਵਾਬ ਮੰਗਿਆ ਹੈ। ਕੁਲੈਕਟਰ ਤੇ ਜ਼ਿਲ੍ਹਾ ਚੋਣ ਅਧਿਕਾਰੀ ਸੁਦਾਮ ਖਾੜੇ ਦੁਆਰਾ ਜਾਰੀ ਇਸ ਨੋਟਿਸ ਵਿਚ ਪ੍ਰੱਗਿਆ ਨੂੰ ਕਿਹਾ ਗਿਆ ਹੈ ਕਿ ਉਹ ਇਕ ਦਿਨ ਵਿਚ ਜਵਾਬ ਦੇਵੇ ਨਹੀਂ ਤਾਂ ਨੇਮਾਂ ਮੁਤਾਬਕ ਇਕਪਾਸੜ ਕਾਰਵਾਈ ਕੀਤੀ ਜਾਵੇਗੀ। ਪ੍ਰੱਗਿਆ ਨੂੰ ਨੋਟਿਸ ਮਿਲਣ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਸਾਧਵੀ ਨੇ ਕਿਹਾ ਕਿ ਉਸ ਨੂੰ ਦੋ ਨੋਟਿਸ ਮਿਲੇ ਹਨ। ਰਾਮ ਮੰਦਰ ਵਾਲੇ ਬਿਆਨ ਸਬੰਧੀ ਵੀ ਨੋਟਿਸ ਜਾਰੀ ਕੀਤਾ ਗਿਆ ਹੈ ਤੇ ਉਹ ਜਵਾਬ ਦੇਵੇਗੀ। ਪ੍ਰੱਗਿਆ ਨੇ ਸਪੱਸ਼ਟ ਕਿਹਾ ਕਿ ਉਹ ਢਾਂਚਾ ਤੋੜਨ ਅਯੁੱਧਿਆ ਗਈ ਸੀ ਤੇ ਇਸ ਤੋਂ ਮੁੱਕਰ ਨਹੀਂ ਰਹੀ। ਸਾਧਵੀ ਨੇ ਕਿਹਾ ਕਿ ਕੋਈ ਵੀ ਅਯੁੱਧਿਆ ਵਿਚ ਉਸ ਨੂੰ ਸ਼ਾਨਦਾਰ ਮੰਦਰ ਦੀ ਉਸਾਰੀ ਤੋਂ ਰੋਕ ਨਹੀਂ ਸਕਦਾ।

# ਸੱਜਣ ਕੁਮਾਰ ਦੇ ਭਰਾ ਨੂੰ ਟਿਕਟ ਦੇਣ ਤੋਂ ਅਕਾਲੀਆਂ 'ਚ ਰੋਹ, ਕੀਤਾ ਪ੍ਰਦਰਸ਼ਨ

**ਨਵੀਂ ਦਿੱਲੀ-** ਸ਼੍ਰੋਮਣੀ ਅਕਾਲੀ ਦਲ ਵੱਲੋਂ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਦੋਸ਼ੀ ਸਾਬਕਾ ਕਾਂਗਰਸੀ ਆਗੂ ਸੱਜਣ ਕੁਮਾਰ ਦੇ ਭਰਾ ਰਮੇਸ਼ ਕੁਮਾਰ ਨੂੰ 2019 ਦੀਆਂ ਲੋਕ ਸਭਾ ਚੋਣਾਂ ਲਈ ਟਿਕਟ ਦੇਣ ਦਾ ਵਿਰੋਧ ਕਰਦਿਆਂ ਕਾਂਗਰਸ ਹੈੱਡਕੁਆਰਟਰ ਅੱਗੇ ਰੋਸ ਮੁਜ਼ਾਹਰਾ ਕਰਕੇ ਕਾਂਗਰਸ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਤੇ ਸੱਜਣ ਕੁਮਾਰ ਦੇ ਪੁਤਲੇ ਫੂਕੇ ਗਏ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਸ਼੍ਰੋਮਣੀ ਅਕਾਲੀ ਦਲ ਦੀ ਸੂਬਾਈ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਚੁੱਕੇ ਮਨਜੀਤ ਸਿੰਘ ਜੀਕੇ ਦੀ ਅਗਵਾਈ ਹੇਠ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਨੇ ਕਾਂਗਰਸ ਦੇ ਹੈੱਡਕੁਆਰਟਰ ਅਕਬਰ ਰੋਡ ਵੱਲ ਮਾਰਚ ਕੀਤਾ। ਰੋਸ ਪ੍ਰਦਰਸ਼ਨ ਵਿੱਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਹਰਜੀਤ ਸਿੰਘ ਜੀਕੇ, ਚਮਨ ਸਿੰਘ ਤੇ ਪਰਮਜੀਤ ਸਿੰਘ ਰਾਣਾ ਅਤੇ ਸਾਬਕਾ ਮੈਂਬਰ ਐੱਚਐੱਸ ਧਨੋਆ, ਕੁਲਦੀਪ ਸਿੰਘ ਭੋਗਲ ਸ਼ਾਮਲ ਹੋਏ। ਸਿੱਖ ਕਤਲੇਆਮ ਦੇ ਪੀੜਤਾਂ ਦੀ ਅਕਬਰ ਰੋਡ ਉੱਪਰ ਤਾਇਨਾਤ ਮਹਿਲਾ ਪੁਲੀਸ ਨਾਲ ਝੜਪ ਵੀ ਹੋਈ ਜਦੋਂ ਪ੍ਰਦਰਸ਼ਨਕਾਰੀਆਂ ਨੂੰ ਹੈੱਡਕੁਆਰਟਰ ਵੱਲ ਜਾਣ ਤੋਂ ਰੋਕ ਦਿੱਤਾ ਗਿਆ। ਦਿੱਲੀ ਪੁਲੀਸ ਨੇ ਕਰੀਬ 30 ਕਾਰਕੁਨਾਂ ਨੂੰ ਹਿਰਾਸਤ ਵਿੱਚ ਲੈ ਕੇ ਮੰਦਰ ਮਾਰਗ ਥਾਣੇ ਲਿਆਂਦਾ ਜਿੱਥੋਂ ਉਨ੍ਹਾਂ ਨੂੰ ਸ਼ਾਮ 4 ਵਜੇ ਦੇ ਕਰੀਬ ਛੱਡ ਦਿੱਤਾ ਗਿਆ। ਇਸ ਤੋਂ ਪਹਿਲਾਂ ਆਗੂਆਂ ਨੇ ਕਾਂਗਰਸ ਵਿਰੋਧੀ ਨਾਅਰੇਬਾਜ਼ੀ ਕੀਤੀ ਤੇ ਕਿਹਾ ਕਿ ਦੱਖਣੀ ਦਿੱਲੀ ਲੋਕ ਸਭਾ ਹਲਕੇ ਤੋਂ ਸੱਜਣ ਕੁਮਾਰ ਦੇ ਭਰਾ ਨੂੰ ਟਿਕਟ ਦੇਣਾ ਸਿੱਖਾਂ ਦੇ ਕਾਤਲ ਪਰਿਵਾਰ ਨੂੰ ਨਿਵਾਜਣ ਵਾਂਗ ਹੋਵੇਗਾ। ਰੋਸ ਮੁਜ਼ਾਹਰੇ 'ਚ ਸਰਬਜੀਤ ਸਿੰਘ ਸੈਣੀ, ਅਮਰਜੀਤ ਸਿੰਘ ਬਰਾੜ, ਤੇਜਿੰਦਰ ਸਿੰਘ ਜੀਕੇ, ਜਤਿੰਦਰ ਸਿੰਘ ਬੌਬੀ, ਸਿੱਖ ਕਤਲੇਆਮ ਦੇ ਗਵਾਹ ਨਿਰਪ੍ਰੀਤ ਕੌਰ ਤੇ ਜਗਸ਼ੇਰ ਸਿੰਘ ਸਮੇਤ ਨੌਜਵਾਨਾਂ ਨੇ ਸ਼ਿਰਕਤ ਕੀਤੀ।




# ਨਿਆਂਪਾਲਿਕਾ ਦੀ ਆਜ਼ਾਦੀ ਖਤਰੇ 'ਚ: ਜਸਟਿਸ ਗੋਗੋਈ

**ਨਵੀਂ ਦਿੱਲੀ-** ਭਾਰਤ ਦੇ ਚੀਫ਼ ਜਸਟਿਸ ਰੰਜਨ ਗੋਗੋਈ ਖ਼ਿਲਾਫ਼ ਜਿਨਸੀ ਸ਼ੋਸ਼ਣ ਦੇ ਦੋਸ਼ ਲੱਗਣ ਮਗਰੋਂ ਉਨ੍ਹਾਂ ਸ਼ਨਿਚਰਵਾਰ ਨੂੰ ਇਸ ਮਾਮਲੇ 'ਤੇ ਫੌਰੀ ਸੁਣਵਾਈ ਕੀਤੀ ਅਤੇ ਕਿਹਾ ਕਿ ਸੁਪਰੀਮ ਕੋਰਟ ਦੀ ਸਾਬਕਾ ਮੁਲਾਜ਼ਮ ਵੱਲੋਂ ਲਾਏ ਗਏ ਦੋਸ਼ 'ਭਰੋਸੇ ਲਾਇਕ ਨਹੀਂ' ਹਨ। ਉਨ੍ਹਾਂ ਕਿਹਾ ਕਿ ਕਿਸੇ 'ਵੱਡੀ ਤਾਕਤ' ਵੱਲੋਂ ਚੀਫ਼ ਜਸਟਿਸ ਨੂੰ ਕੰਮ ਕਰਨ ਤੋਂ ਰੋਕਣ ਦੀ ਇਹ ਸਾਜ਼ਿਸ਼ ਹੈ।

ਚੀਫ਼ ਜਸਟਿਸ ਗੋਗੋਈ ਦੇ ਦਿੱਲੀ ਸਥਿਤ ਘਰ 'ਚ ਬਣੇ ਦਫ਼ਤਰ 'ਚ ਪਿਛਲੇ ਸਾਲ ਅਕਤੂਬਰ 'ਚ ਕੰਮ ਕਰਦੀ ਰਹੀ ਮਹਿਲਾ ਮੁਲਾਜ਼ਮ ਵੱਲੋ ਦੋਸ਼ ਲਾਏ ਜਾਣ ਮਗਰੋਂ ਨਿਆਂਪਾਲਿਕਾ ਹੈਰਾਨ ਰਹਿ ਗਈ। ਚੀਫ਼ ਜਸਟਿਸ ਨੇ ਕਿਹਾ ਕਿ ਉਹ ਦੋਸ਼ਾਂ ਨੂੰ ਨਕਾਰਨ ਲਈ ਵੀ ਏਨਾ ਹੇਠਾਂ ਨਹੀਂ ਡਿੱਗਣਗੇ।

ਮਹਿਲਾ ਵੱਲੋਂ ਦਾਖ਼ਲ ਹਲਫ਼ਨਾਮੇ ਦੇ ਆਧਾਰ 'ਤੇ ਕੁਝ ਨਿਊਜ਼ ਪੋਰਟਲਾਂ ਨੇ ਦੋਸ਼ਾਂ ਨੂੰ ਨਸ਼ਰ ਕੀਤਾ ਜਿਸ ਮਗਰੋਂ ਕੋਰਟ ਨੰਬਰ ਇਕ 'ਚ ਕਾਹਲੀ ਨਾਲ ਅਦਾਲਤ ਲਗਾਈ ਗਈ ਜਿਸ ਦੀ ਪ੍ਰਧਾਨਗੀ ਚੀਫ਼ ਜਸਟਿਸ ਨੇ ਖੁਦ ਕੀਤੀ। ਸੁਪਰੀਮ ਕੋਰਟ ਨੇ ਕਿਹਾ ਕਿ ਉਹ 'ਮੀਡੀਆ ਦੀ ਸਿਆਣਪ' 'ਤੇ ਇਸ ਮਾਮਲੇ ਨੂੰ ਛੱਡਦੇ ਹਨ ਅਤੇ ਉਹ ਸੰਜਮ ਵਰਤਦਿਆਂ ਜ਼ਿੰਮੇਵਾਰੀ ਨਾਲ ਆਪਣਾ ਕਾਰਜ ਨਿਭਾਉਣ ਤਾਂ ਜੋ ਨਿਆਂਪਾਲਿਕਾ ਦੀ ਆਜ਼ਾਦੀ 'ਤੇ ਅਸਰ ਨਾ ਪਏ। ਉਂਜ ਅਦਾਲਤ ਨੇ ਪਾਬੰਦੀ ਵਾਲਾ ਕੋਈ ਵੀ ਹੁਕਮ ਜਾਰੀ ਨਾ ਕਰਨ ਦਾ ਫ਼ੈਸਲਾ ਲਿਆ ਹੈ।

ਮਹਿਲਾ ਦੇ ਦੋਸ਼ਾਂ ਵਾਲਾ ਹਲਫ਼ਨਾਮਾ ਜਨਤਕ ਹੋਣ ਮਗਰੋਂ ਗੋਗੋਈ ਦੀ ਅਗਵਾਈ ਹੇਠ ਤਿੰਨ ਜੱਜਾਂ ਦਾ ਵਿਸ਼ੇਸ਼ ਬੈਂਚ ਸਥਾਪਤ ਕੀਤਾ ਗਿਆ। ਹਲਫ਼ਨਾਮੇ ਦੀਆਂ ਕਾਪੀਆਂ ਸੁਪਰੀਮ ਕੋਰਟ ਦੇ 22 ਜੱਜਾਂ ਦੀਆਂ ਰਿਹਾਇਸ਼ਾਂ 'ਤੇ ਵੀ ਭੇਜੀਆਂ ਗਈਆਂ ਹਨ। ਆਪਣੇ ਹਲਫ਼ਨਾਮੇ 'ਚ ਮਹਿਲਾ ਨੇ ਗੋਗੋਈ ਦੇ ਪਿਛਲੇ ਸਾਲ ਅਕਤੂਬਰ 'ਚ ਚੀਫ਼ ਜਸਟਿਸ ਬਣਨ ਮਗਰੋਂ ਦੋ ਕਥਿਤ ਜਿਨਸੀ ਸ਼ੋਸ਼ਣ ਦੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਹੈ। ਮਹਿਲਾ ਨੇ ਦੋਸ਼ ਲਾਇਆ ਕਿ ਜਦੋਂ ਉਸ ਨੇ ਗੋਗੋਈ ਦਾ ਵਿਰੋਧ ਕੀਤਾ ਤਾਂ ਉਸ ਨੂੰ ਨੌਕਰੀ ਤੋਂ ਹਟਾ ਦਿੱਤਾ ਗਿਆ। ਉਸ ਨੇ ਦਾਅਵਾ ਕੀਤਾ ਕਿ ਉਸ ਦੇ ਪਤੀ ਅਤੇ ਇਕ ਹੋਰ ਰਿਸ਼ਤੇਦਾਰ, ਜੋ ਦੋਵੇਂ ਹੈੱਡ ਕਾਂਸਟੇਬਲ ਸਨ, ਨੂੰ 2012 ਦੇ ਅਪਰਾਧਿਕ ਕੇਸ ਲਈ ਮੁਅੱਤਲ ਕਰ ਦਿੱਤਾ ਗਿਆ ਜਿਸ ਦਾ ਆਪਸੀ ਸੁਲ੍ਹਾ ਨਾਲ ਨਿਪਟਾਰਾ ਹੋ ਗਿਆ ਸੀ। ਆਪਣੇ ਹਲਫ਼ਨਾਮੇ 'ਚ ਉਸ ਨੇ ਦੋਸ਼ ਲਾਇਆ ਕਿ ਗੋਗੋਈ ਦੀ ਪਤਨੀ ਦੇ ਪੈਰਾਂ 'ਚ ਨੱਕ ਰਗੜਨ ਲਈ ਵੀ ਉਸ ਨੂੰ ਮਜਬੂਰ ਕੀਤਾ ਗਿਆ ਅਤੇ ਇਕ ਅਪਾਹਜ ਰਿਸ਼ਤੇਦਾਰ ਨੂੰ ਸੁਪਰੀਮ ਕੋਰਟ ਦੀ ਨੌਕਰੀ ਤੋਂ ਹਟਾ ਦਿੱਤਾ ਗਿਆ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਖਾਲਸਾ ਦਾ ਸਥਾਪਨਾ ਦਿਵਸ/ ਵਿਸਾਖੀ ਦਿਹਾੜਾ ਮਨਾਇਆ













**ਯੂਬਾ ਸਿਟੀ-** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਘਰ ਦੀਆਂ ਗੁਰਸਿੱਖ ਬੀਬੀਆਂ ਦੇ ਸਹਿਯੋਗ ਨਾਲ ਵੈਸਾਖੀ (ਖਾਲਸਾ ਪੰਥ ਸਥਾਪਨਾ ਦਿਵਸ) ਪੁਰਬ ਮਿਤੀ 19, 20, 21 ਅ੍ਰਪੈਲ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਪਾਵਨ ਪਵਿੱਤਰ ਛਤਰ ਛਾਇਆ ਹੇਠ ਬੜੀ ਧੂੰਮ ਧਾਮ ਨਾਲ ਮਨਾਇਆ ਗਿਆ, ਜਿਸ ਵਿਚ 19 ਅਪ੍ਰੈਲ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ। 20 ਅਪ੍ਰੈਲ ਦਿਨ ਸ਼ਨਿਚਰਵਾਰ ਸ਼ਾਮ 4 ਵਜੇ ਸ੍ਰੀ ਨਿਸ਼ਾਨ ਸਾਹਿਬ ਜੀ ਦੇ ਬਸਤਰਾਂ ਦੀ ਸੇਵਾ ਕੀਤੀ ਗਈ। 21 ਅਪ੍ਰੈਲ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏੈ, ਜਿਸ ਵਿਚ ਗੁਰੂ ਘਰ ਦੇ ਹਜ਼ੂਰੀ ਜਥੇ ਭਾਈ ਪ੍ਰਿਤਪਾਲ ਸਿੰਘ ਜੀ, ਜੋਗਿੰਦਰ ਸਿੰਘ ਸ਼ੌਂਕੀ ਜੀ ਨੇ ਹਰਿ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਗੁਰਦੇਵ ਸਿੰਘ ਜੀ ਨੇ ਗੁਰਬਾਣੀ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ ਗੁਰੂ ਘਰ) ਜੀ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ। ਸ੍ਰੀ ਗੁਰਦੀਪ ਸਿੰਘ ਹੀਰਾ ਨੇ ਆਪਣੀਆਂ ਕਵਿਤਾਵਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰਸਿੱਖ ਬੀਬੀ ਸੁਖਵੰਦਰ ਕੌਰ ਜੀ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਇਸ ਸਮਾਗਮ ਵਿਚ ਬਹੁਤ ਵੱਡੀ ਗਿਦਤੀ ਵਿਚ ਸੰਗਤਾਂ ਨੇ ਗੁਰੂ ਘਰ ਵਿਚ ਆਪਣੀ ਹਾਜ਼ਰੀ ਲਗਵਾਈ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਸ੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ ਵਿਖੇ ਖ਼ਾਲਸਾ ਸਾਜਨਾ ਦਿਵਸ ਅਤੇ ਸਤਿਗੁਰ ਧੰਨਾ ਜੀ ਦੇ ਪ੍ਰਕਾਸ਼ ਦਿਹਾੜੇ ਮਨਾਏ ਗਏ

## ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਵਸ 28 ਅਪ੍ਰੈਲ ਨੂੰ ਮਨਾਏ ਜਾਣਗੇ






ਸ੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ ਵਿਖੇ ਸਮੂੰਹ ਸਾਧ ਸੰਗਤਿ ਵਲੋਂ 19, 20 ਅਤੇ 21 ਅਪ੍ਰੈਲ ਨੂੰ ਖ਼ਾਲਸਾ ਸਾਜਨਾ ਦਿਵਸ (ਵਿਸਾਖੀ) ਅਤੇ ਸਤਿਗੁਰ ਧੰਨਾ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਕਰਵਾਏ ਗਏ , ਜਿਨ੍ਹਾਂ ਦੀ ਸੇਵਾ ਸਮੂੰਹ ਸੰਗਤਾਂ ਵਲੋਂ ਬੜੇ ਪਿਆਰ ਅਤੇ ਸ਼ਰਧਾ ਨਾਲ ਹੋਈ। ਸ਼ੁੱਕਰਵਾਰ 19 ਅਪ੍ਰੈਲ ਨੂੰ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਏ ਅਤੇ ਐਤਵਾਰ 21 ਅਪ੍ਰੈਲ ਨੂੰ ਸਵੇਰ ਦੇ ਦਿਵਾਨਾਂ ਵਿੱਚ ਧੁਰ ਕੀ ਬਾਣੀ ਦੇ ਭੋਗ ਪਏ ਗਏ ਉਪਰੰਤ ਗੁਰੂਘਰ ਦੇ ਹਜ਼ੂਰੀ ਰਾਗੀ ਜਥੇ ਵੱਲੋਂ ਕੀਰਤਨ ਦਿਵਾਨ ਸਜਾਏ ਗਏ ਅਤੇ ਇਸ ਸ਼ੁੱਭ ਮੌਕੇ ਤੇ ਬੱਚਿਆਂ ਵਲੋਂ ਵੀ ਗੁਰਬਾਣੀ ਸ਼ਬਦ ਕੀਰਤਨ ਦਿਵਾਨ ਸਜਾਏ ਗਏ ਅਤੇ ਸੰਗਤਾਂ ਨੂੰ ਕੀਰਤਨ ਦੁਆਰਾ ਗੁਰੁਚਰਨਾ ਨਾਲ ਜੋੜਿਆ। ਇਸ ਮੌਕੇ ਡਾਕਟਰ ਮਨੀਸ਼ ਬੋਲੀਨਾਂ ਸਪੁੱਤਰ ਸ੍ਰੀ ਕੇਵਲ ਬੋਲੀਨਾਂ ਨੂੰ ਪੈਟਰਨ ਬਣਨ ਤੇ ਗੁਰੂਘਰ ਵਲੋਂ ਸਿਰੋਪਾਓ ਸਾਹਿਬ ਅਤੇ ਸਨਮਾਨ ਚਿੰਨ੍ਹ ਦੇ ਕੇ ਨਿਹਾਲ ਕੀਤਾ ਗਿਆ।

### ਗੁਰੂਘਰ ਦੇ ਅਗਲੇ ਆਉਣ ਵਾਲੇ ਸਮਾਗਮ

ਸਟੇਜ਼ ਸਕੱਤਰ ਸ੍ਰੀ ਬਲਜੀਤ ਸਿੰਘ ਨੇ ਗੁਰੂਘਰ ਦੇ ਅਗਲੇ ਆਉਣ ਵਾਲੇ ਸਮਾਗਮਾਂ ਦੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 28 ਅਪ੍ਰੈਲ ਐਤਵਾਰ ਨੂੰ ਸਵੇਰ ਦੇ ਦਿਵਾਨਾਂ ਵਿੱਚ ਭਾਰਤ ਰਤਨ, ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ ਜਨਮ ਪੁਰਬ ਗੁਰੂਘਰ ਦੀ ਸਮੂੰਹ ਸਾਧਸੰਗਤਿ ਵਲੋਂ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਜਿਸ ਵਿੱਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਉਪਰੰਤ ਗੁਰੂਘਰ ਦੇ ਹਜ਼ੂਰੀ ਰਾਗੀ ਜੱਥੇ ਭਾਈ ਜਸਪਾਲ ਸਿੰਘ ਜੀ, ਭਾਈ ਗੁਰਦੀਪ ਸਿੰਘ ਜੀ ਅਤੇ ਭਾਈ ਅਮਰਜੀਤ ਸਿੰਘ ਜੀ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰਨਗੇ ਅਤੇ ਬਾਬਾ ਸਾਹਿਬ ਦੇ ਜੀਵਨ ਅਤੇ ਇਤਿਹਾਸ ਬਾਰੇ ਵਿਚਾਰ ਚਰਚਾ ਹੋਵੇਗੀ। ਆਪ ਆਪਣੇ ਪਰਿਵਾਰਾਂ, ਰਿਸ਼ਤੇਦਾਰਾਂ ਅਤੇ ਦੋਸਤਾਂ ਸਾਹਿਤ ਇਨ੍ਹਾਂ ਸਮਾਗਮਾਂ ਵਿੱਚ ਸ਼ਾਮਲ ਹੋ ਕੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਗੁਰੂਘਰ ਦੀਆਂ ਨਵੀਆਂ ਇਮਾਰਤਾ ਦੀ ਉਸਾਰੀ ਵਿੱਚ ਵੱਖ ਵੱਖ ਸੇਵਾਵਾਂ ਪ੍ਰਾਪਤ ਕਰਨ ਲਈ ਸੰਪਰਕ ਕਰੋ ਜੀ:**

ਸ੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ<br>
6221 16th Street<br>
Rio Linda, CA-95673<br>
ਗੁਰੂਘਰ ਫ਼ੋਨ (916) 992-1710<br>
ਸ੍ਰੀ ਰਾਜ ਬੱਧਣ ਜੀ (916) 601-3842<br>
ਸ੍ਰੀ ਤੇਜਪਾਲ ਵਿਰਕ ਜੀ (916) 912-5678<br>
ਸ੍ਰੀ ਇੰਦਰਜੀਤ ਪੜਵੱਗਾ ਜੀ (916) 276-2538


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾੜੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE
LARGEST
COLLECTION
FOR INDIAN
FIJIAN & PAKISTANI
GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com

# THINKING OF BUYING OR SELLING COMMERCIAL PROPERTIES IN CALIFORNIA? CALL US NOW !



BH HS

BERKSHIRE HATHAWAY HomeServices

Elite Real Estate

COMMERCIAL DIVISION



**JOHN BANGA**
Realtor *CalDRE# 01397975*
916-271-5404 banga.realtor@gmail.com

**MAJINDER SINGH**
Realtor *CalDRE# 01473247*
(916) 271-0644 singh@elitenorcal.com

## SPECIALISE IN BANK REPO APARTMENTS, COMMERCIAL PROPERTIES, GAS STATIONS, HOTELS AND AGRICULTURAL LAND




"$134,000 Indian Restaurant with beer and wine license"




"$599,900 High volume liquor store", "Gross $100k+/Month"




"$649,000 High Volume Liquor Store", "Gross $90k+/Month"




"$4.4 Million Gas Station with Real Estate", "High Volume"

**CALL US FOR FREE CONSULTATION ABOUT SELLING YOUR GAS STATION OR HOTEL. WE CAN ALSO GIVE YOU OUR EXPERT ADVISE ON VALUE OF YOUR GAS STATION OR ANY COMMERCIAL PROPERTY.**

*SPEAK WITH A PROFESSIONAL REALTOR TODAY!*

*WE HAVE QUALIFIED BUYERS FOR GAS STATIONS AND LIQUOR STORES.*

**THE RIGHT AGENT HELPS GUIDE YOU TO YOUR DREAM PROPERTY.**

**WWW.BHHCOMMERCIAL.COM**

Chevron SHELL ARCO ampm Mobil Holiday Inn Best Western

# 7412 ELSIE AVE, SACRAMENTO CA 95828